ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/06 ਜੂਨ 2019 – ਨਾਨਕਸ਼ਾਹੀ ਜੇਠ-ਆਸਾੜ 551

## ਇਤਿਹਾਸਿਕ ਦਿਹਾੜੇ

### ਜੂਨ ਅਤੇ ਜੁਲਾਈ

| | |
|---|---|
| ਸ਼ਹੀਦੀ ਗੁਰੂ ਅਰਜੁਨ ਦੇਵ ਜੀ | 7 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 17 ਜੂਨ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 18 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | 25 ਜੂਨ |
| ਮੀਰੀ ਪੀਰੀ ਦਿਵਸ | 11 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ | 16 ਜੁਲਾਈ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 26 ਜੁਲਾਈ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

(ਅੰਗ ੧੩੪)

ਪਦ ਅਰਥ :- ਨਾਹੁ-ਖਸਮ। ਜਗ ਜੀਵਨ ਪੁਰਖ - ਜਗਤ ਦਾ ਸਹਾਰਾ ਪ੍ਰਭੂ। ਸੰਦੀ-ਦੀ। ਦੁਯੈ ਭਾਇ-(ਪ੍ਰਭੂ ਤੋਂ ਬਿਨਾ ਕਿਸੇ) ਦੂਜੇ ਪਿਆਰ ਵਿਚ। ਵਿਗੁਚੀਐ-ਖ਼ੁਆਰ ਹੋਈਦਾ ਹੈ। ਗਲਿ-ਗਲ ਵਿਚ। ਲੁਣੈ-ਵੱਢਦਾ ਹੈ। ਮਥੈ-ਮੱਥੇ ਉਤੇ। ਰੈਣਿ-ਰਾਤ, ਉਮਰ। ਕੌ-ਨੂੰ। ਭੇਟੀਐ-ਮਿਲਦਾ ਹੈ। ਸਾਧੂ-ਗੁਰੂ। ਖਲਾਸੁ-ਸੁਰਖ਼ਰੂ, ਆਦਰ-ਜੋਗ। ਪ੍ਰਭ-ਹੇ ਪ੍ਰਭੂ। ਹੋਇ-ਬਣੀ ਰਹੇ। ਜਿਸੁ ਮਨਿ-ਜਿਸ ਦੇ ਮਨ ਵਿਚ। ਨਿਰਾਸ-ਟੁੱਟੇ ਹੋਏ ਦਿਲ ਵਾਲਾ।

ਅਰਥ :- ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿੰਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ ਖ਼ੁਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ)। (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉੱਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ। (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜਿੰਦਗੀ ਪਛੁਤਾਵਿਆਂ ਵਿਚ ਹੀ ਗੁਜਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ।

ਜਿੰਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ)।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ-ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ)।੫।

## ਭੱਟ ਤੇ ਭੱਟ ਬਾਣੀ

**ਅਮਰੀਕ ਸਿੰਘ (ਚੰਡੀਗੜ੍ਹ)**

ਧਰਮ ਦੀ ਦੁਨੀਆਂ ਵਿੱਚ ਇੱਕ ਗੱਲ ਪ੍ਰਤੱਖ ਤੌਰ ਤੇ ਦੱਸੀ ਜਾਂਦੀ ਹੈ ਕਿ ਰੱਬੀ ਰਹਿਮਤ ਦਾ ਬੂਹਾ ਗੁਰੂ ਕਿਰਪਾ ਨਾਲ ਹੀ ਖੁੱਲ੍ਹਦਾ ਹੈ। ਕੋਈ ਵੀ ਗੁਰੂ ਤੋਂ ਬਿਨਾਂ ਜੀਵਨ ਦੇ ਅੰਧਕਾਰ ਨੂੰ ਪ੍ਰਕਾਸ਼ਮਈ ਨਹੀਂ ਕਰ ਸਕਦਾ। ਮਨੁੱਖ ਜਦੋਂ ਗੁਰੂ ਪ੍ਰਾਪਤੀ ਦੇ ਮਾਰਗ ਤੇ ਤੁਰਦਾ ਹੈ ਤਾਂ ਉਸ ਦੇ ਸਾਹਮਣੇ ਸਭ ਤੋਂ ਵੱਡੀ ਮੁਸੀਬਤ ਹੈ ਕਿ ਸੰਸਾਰ ਵਿੱਚ ਗੁਰੂਆਂ ਦੀ ਵੀ ਭਰਮਾਰ ਹੈ। ਮਨੁੱਖ ਦੀ ਸੋਚ ਅਲਪੱਗ ਹੈ ਇਸ ਲਈ ਇਸ ਨੂੰ ਇਹ ਕਿਵੇਂ ਪਤਾ ਲੱਗੇ ਕਿ ਅਸਲੀ ਗੁਰੂ ਕੌਣ ਹੈ ? ਸਿੱਖ ਧਰਮ ਵਿੱਚ ਇਹ ਮਸਲਾ ਕੁਝ ਸੌਖਾ ਜਿਹਾ ਹੋ ਜਾਂਦਾ ਹੈ। ਜਿਵੇਂ ਸ਼ਹੁ ਦੀ ਸਾਰ ਸੁਹਾਗਣ ਹੀ ਜਾਣ ਸਕਦੀ ਹੈ, ਕਿਸੇ ਮਰੀਜ਼ ਤੋਂ ਹੀ ਵੈਦ ਜਾਂ ਡਾਕਟਰ ਦੀ ਲਿਆਕਤ ਦਾ ਪਤਾ ਚਲਦਾ ਹੈ, ਕਿਸੇ ਉਸਤਾਦ ਦੇ ਵਿਦਿਆਰਥੀ ਕਿਸ ਮੁਕਾਮ ਤੱਕ ਪਹੁੰਚੇ ਹਨ, ਇਹ ਆਪਣੇ ਆਪ ਹੀ ਉਸਤਾਦ ਦੀ ਕਾਬਲੀਅਤ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਤਰ੍ਹਾਂ ਹੀ ਗੁਰੂ ਜੀ ਬਾਰੇ ਕਿਸੇ ਗੁਰਸਿੱਖ ਕੋਲੋਂ ਹੀ ਸਮਝਿਆ ਜਾ ਸਕਦਾ ਹੈ। ਜੇਕਰ ਕਿਸੇ ਨੇ ਗੁਰੂ ਜੀ ਬਾਰੇ ਕੁਝ ਜਾਨਣਾ ਹੈ ਤਾਂ ਉਸ ਨੂੰ ਪਹਿਲਾਂ ਭਾਈ ਗੁਰਦਾਸ ਜੀ, ਫਿਰ ਭਾਈ ਨੰਦ ਲਾਲ ਸਿੰਘ ਜੀ ਪੜ੍ਹਨਾ ਪਵੇਗਾ। ਜਗਿਆਸੂ ਦੇ ਮਨ ਵਿੱਚ ਇੱਕ ਸੁਆਲ ਹੋਰ ਆ ਸਕਦਾ ਹੈ ਕਿ ਇਹ ਤਾਂ ਗੁਰੂ ਸਾਹਿਬ ਜੀ ਦੇ ਦਰੋਂ ਵਰੋਸਾਏ ਹੋਏ ਗੁਰਸਿੱਖ ਹਨ ਇਸ ਕਰਕੇ ਜਿੱਥੇ ਮਨੁੱਖ ਦਾ ਸਨੇਹ ਹੁੰਦਾ ਹੈ ਤਾਂ ਉਸ ਨੂੰ ਤਾਂ ਆਪਣਾ ਹੀ ਪਿਆਰਾ ਹੀ ਚੰਗਾ ਲੱਗਦਾ ਹੈ। ਸੋ, ਹੋ ਸਕਦਾ ਹੈ ਕਿ ਕਿਸੇ ਤਰ੍ਹਾਂ ਸ਼ਰਧਾ ਭਾਵਨਾ ਨਾਲ ਕੀਤੀ ਤਾਰੀਫ ਨੇ ਸੱਚ ਨੂੰ ਥੱਲੇ ਹੀ ਛੁਪਾ ਲਿਆ ਹੋਵੇ, ਪਰ ਜਗਿਆਸੂ ਦਾ ਇਹ ਸੁਆਲ ਵੀ ਹੱਲ ਹੋ ਜਾਂਦਾ ਹੈ ਜਦੋਂ ਉਹ ਭੱਟਾਂ ਦੀ ਬਾਣੀ ਪੜ੍ਹਦਾ ਹੈ। ਭੱਟ ਸ਼ਰਧਾਲੂ ਨਹੀਂ ਸਗੋਂ ਪਾਰਖੂ ਸਨ ਕਿਉਂਕਿ ਰੱਬੀ ਰਾਹ ਨੂੰ ਲੱਭਣ ਲਈ ਉਨ੍ਹਾਂ ਨੇ ਲੰਮੇ ਤਜਰਬੇ ਕੀਤੇ ਹੋਏ ਸਨ। ਉਨ੍ਹਾਂ ਨੇ ਆਪ ਹੀ ਆਪਣੀ ਬਾਣੀ ਵਿੱਚ ਇਹ ਜ਼ਿਕਰ ਕੀਤਾ ਹੋਇਆ ਹੈ।

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥

– ਸਵਈਏ ਮਹਲੇ ਤੀਜੇ ਕੇ (ਭਟ ਭਿਖਾ) – ਅੰਗ ੧੩੯੬

ਭੱਟਾਂ ਨ ਗੁਰੂ ਸਾਹਿਬ ਜੀ ਦੇ ਦਰ ਤੇ ਆਉਣ ਤੋਂ ਪਹਿਲਾਂ ਅਨੇਕਾਂ ਲੋਕਾਂ ਨੂੰ ਪਰਖ ਪੜਚੋਲ ਲਿਆ ਸੀ। ਪਾਰਖੂ ਬੰਦਾ ਸ਼ਰਧਾ ਤੇ ਨਹੀਂ ਸਗੋਂ ਆਪਣੇ ਲੰਮੇ ਸਮੇਂ ਦੇ ਤਜਰਬੇ ਦੇ ਗਿਆਨ ਤੋਂ ਵੀ ਕੰਮ ਲੈਂਦਾ ਹੈ। ਭੱਟਾਂ ਦੀ ਬਾਣੀ ਕੇਵਲ ਸ਼ਰਧਾ ਦੀ ਨਹੀਂ ਸਗੋਂ ਸੱਚੇ ਸੁੱਚੇ ਗਿਆਨ ਦੀ ਸੂਚਕ ਹੈ। ਇਹ ਭੱਟ ਕੌਣ ਸਨ ਅਤੇ ਇਨ੍ਹਾਂ ਦੀ ਬਾਣੀ ਬਾਰੇ ਹੁਣ ਕੁਝ ਖੁੱਲ੍ਹ ਕੇ ਵੀਚਾਰ ਕਰਦੇ ਹਾਂ।

ਪਾਣੀ ਜ਼ਿੰਦਗੀ ਦੀ ਪ੍ਰਮੁੱਖ ਲੋੜ ਹੋਣ ਕਰਕੇ ਪਹਿਲ ਮਨੁੱਖ ਨੇ ਆਪਣੇ ਨਿਵਾਸ ਪਾਣੀਆਂ ਦੇ ਕਿਨਾਰੇ ਰੱਖੇ ਹੋਏ ਸਨ। ਇਸ ਤਰ੍ਹਾਂ ਹੀ ਭੱਟ ਜਾਤੀ ਦੇ ਪਿਛੋਕੜ ਨੂੰ ਫਰੋਲਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਬਜ਼ੁਰਗ ਵੀ ਕਿਸੇ ਵੇਲੇ ਸਰੁਸਤੀ ਦੇ ਕੰਢੇ ਵੱਸਦੇ ਸਨ। ਉਰਲੇ ਕਿਨਾਰੇ ਦੇ ਵਾਸੀਆਂ ਨੂੰ ਸਾਰਸੁਤ ਅਤੇ ਪਰਲੇ ਪਾਸੇ ਦੇ ਵਸਨੀਕਾਂ ਨੂੰ ਗੌੜ ਕਿਹਾ ਜਾਣ ਲੱਗ ਪਿਆ। ਹੁਣ ਵੀ ਇਨ੍ਹਾਂ ਭੱਟਾਂ ਦੇ ਪ੍ਰੀਵਾਰ ਪਿੰਡ ਤਲੌਂਡਾ, ਭਾਦਸੋਂ, ਕਰਸਿੱਧੂ ਜਾਂ ਮੋਟੇ ਤੌਰ ਤੇ ਜੀਂਦ ਜਾਂ ਪਹੇਵੇ ਆਦਿਕ ਥਾਂਵਾਂ ਤੇ ਵਸਦੇ ਮਿਲ ਜਾਂਦੇ ਹਨ। ਇਨ੍ਹਾਂ ਦਾ ਪਿਛੋਕੜ ਕੌਸ਼ਿਸ਼ ਜ਼ਾਤੀ ਦੇ ਬ੍ਰਾਹਮਣਾਂ ਨਾਲ ਜਾ ਜੁੜਦਾ ਹੈ। ਵਿਦਵਤਾ ਦੇ ਧਨੀ ਹੋਣ ਕਰਕੇ ਇਹ ਰਾਜਪੂਤ ਰਾਜਿਆਂ ਜਾਂ ਅਮੀਰ ਘਰਾਣਿਆਂ ਦੇ ਪ੍ਰੀਵਾਰਾਂ ਦੇ ਖਾਨਦਾਨਾਂ ਵਿੱਚੋਂ ਪੈਦਾ ਹੋਏ ਯੋਧਿਆਂ ਜਾਂ ਹੋਰ ਧਾਰਮਿਕ ਸ਼ਖਸੀਅਤਾਂ ਦੀਆਂ ਸਿਫਤਾਂ ਕਾਵਿ ਰੂਪ ਵਿੱਚ ਲਿਖ ਕੇ ਕਰਿਆ ਕਰਦੇ ਸਨ। ਜਦੋਂ ਵੀ ਕਦੇ ਕੋਈ ਲੋਕਾਂ ਦਾ ਇੱਕਠ ਹੋਣਾਂ ਜਾਂ ਵੱਡੇ ਵੱਡੇ ਦਰਬਾਰ ਸਜਣੇ ਤਾਂ ਇਨ੍ਹਾਂ ਲੋਕਾਂ ਨੇ ਉਹ ਘਟਨਾਵਾਂ ਕਵਿਤਾ ਦੇ ਰੂਪ ਵਿੱਚ ਸੁਣਾਉਣੀਆਂ। ਇਸ ਤਰ੍ਹਾਂ ਇਨ੍ਹਾਂ ਨੂੰ ਬਹੁਤ ਇਨਾਮ ਆਦਿਕ ਵੀ ਪ੍ਰਾਪਤ ਹੋਣੇ ਜਿਹੜੇ ਕਿ ਇਨ੍ਹਾਂ ਦੀ ਰੋਜ਼ੀ ਰੋਟੀ ਦਾ ਵਸੀਲਾ ਬਣ ਜਾਂਦੇ ਸਨ। ਇਹੋ ਹੀ ਇਨ੍ਹਾਂ ਦੀ ਕਿਰਤ ਸੀ। ਇਨ੍ਹਾਂ ਵਿੱਚੋਂ ਵੀ ਅੱਗੇ ਜਾ ਕੇ ਦੋ ਕਿਸਮਾਂ ਹੋਰ ਬਣ ਗਈਆਂ। ਇੱਕ ਉਹ ਸਨ ਜਿਹੜੇ ਹਰਿਦੁਆਰ ਵਿੱਚ ਹੀ ਰਹਿੰਦੇ ਸਨ ਅਤੇ ਇੱਥੇ ਰਹਿ ਕੇ ਹੀ ਜੋ ਲੋਕ ਭਰਮਾਂ ਕਾਰਨ ਆਪਣੇ ਮੁਰਦਿਆਂ ਦੀਆਂ ਹੱਡੀਆਂ ਹਰਿਦੁਆਰ ਪਾਉਣ ਆਉਂਦੇ ਸਨ ਤਾਂ ਉਨ੍ਹਾਂ ਕੋਲੋਂ ਹੀ ਪੁੱਛ ਪੁਛਾ ਕੇ ਖਾਨਦਾਨੀ ਕੁਝ ਗੱਲਾਂ ਲਿਖ ਲੈਂਦੇ ਸਨ ਪਰ ਦੂਜੇ ਉਹ ਸਨ ਜਿਹੜੇ ਆਪ ਜਾ ਜਾ ਕੇ ਸਾਰੀ ਜਾਣਕਾਰੀ ਇਕੱਠੀ ਕਰਦੇ ਸਨ। ਜਿਸ ਵਿੱਚ ਤਰੀਕਾਂ ਅਤੇ ਹੋਰ ਖਾਸ ਘਟਨਾਵਾਂ ਨੂੰ ਇੱਕ ਵਹੀ ਖਾਤੇ ਵਿੱਚ ਭੱਟ ਅੱਖਰਾਂ ਵਿੱਚ ਲਿਖ ਲੈਂਦੇ ਸਨ

ਜਿਸ ਕਰਕੇ ਇਨ੍ਹਾਂ ਦੇ ਕੋਲ ਤਵਾਰੀਖ ਦਾ ਇੱਕ ਕੀਮਤੀ ਖਜ਼ਾਨਾ ਇੱਕਠਾ ਹੋ ਗਿਆ।

ਸਮੇਂ ਦੇ ਉਤਰਾਅ ਚੜ੍ਹਾਅ ਵਾਲੇ ਦੌਰ ਕਰਕੇ ਬਹੁਤੇ ਰਾਜਪੂਤ ਰਾਜੇ ਜਾਂ ਹੋਰ ਅਮੀਰ ਘਰਾਣੇ ਵਕਤ ਦੀ ਮਾਰ ਕਰਕੇ ਉਨ੍ਹਾਂ ਹਾਲਤਾਂ ਵਿੱਚ ਨਾ ਰਹੇ ਜਿਸ ਕਰਕੇ ਭੱਟਾਂ ਨੂੰ ਦਰਬਾਰ ਵਿੱਚ ਜਾ ਕੇ ਜੱਸ ਕਹਿਣ ਦਾ ਮੌਕਾ ਖਤਮ ਹੁੰਦਾ ਗਿਆ। ਭੱਟਾਂ ਦੀ ਤਾਂ ਰੋਜ਼ੀ ਰੋਟੀ ਹੀ ਇਨ੍ਹਾਂ ਦੀ ਵਡਿਆਈਆਂ ਕਰਕੇ ਚਲਦੀ ਸੀ, ਇਸ ਕਰਕੇ ਭੱਟ ਥਾਂ ਥਾਂ ਜਾ ਕੇ ਜਜਮਾਨਾਂ ਦੇ ਘਰੀਂ ਜਾ ਕੇ ਕੁਰਸੀ ਨਾਮੇ ਸੁਣਾ ਸੁਣਾ ਕੇ ਇਨਾਮ ਹਾਸਿਲ ਕਰਨ ਲੱਗ ਪਏ। ਕੁਝ ਕੁ ਇਨ੍ਹਾਂ ਵਿੱਚੋਂ ਪ੍ਰੋਹਿਤੀ ਦਾ ਕੰਮ ਕਰਨ ਲੱਗ ਪਏ ਜਿਸ ਕਰਕੇ ਕੁਝ ਅਖੌਤੀ ਬ੍ਰਾਹਮਣ ਇਨ੍ਹਾਂ ਨੂੰ ਆਪਣੇ ਨਾਲੋਂ ਨੀਵਾਂ ਸਮਝਣ ਲੱਗ ਪਏ। ਇਨ੍ਹਾਂ ਹੀ ਘੁਮੱਕੜ ਬ੍ਰਿਤੀ ਦੇ ਭੱਟਾਂ ਵਿੱਚੋਂ ਕੁਝ ਕੁ ਸੁਲਤਾਨਪੁਰ ਆ ਕੇ ਵੱਸ ਗਏ ਤੇ ਇੱਥੋਂ ਹੀ ਭੱਟ ਭਿੱਖਾ ਜੀ ਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਸਨ। ਇਨ੍ਹਾਂ ਨੇ ਫਿਰ ਆਮ ਅਮੀਰ ਲੋਕਾਂ ਦੀ ਵਡਿਆਈ ਕਰਨ ਦੀ ਥਾਂ ਤੇ ਸਚੇ ਰੱਬ ਦੀ ਵਡਿਆਈ ਕਰਨੀ ਅਰੰਭ ਕਰ ਦਿੱਤੀ ਸੀ। ਮਹਿਮਾ ਪ੍ਰਕਾਸ਼ ਦੇ ਬੋਲ ਹਨ :

**ਭੀਖਾ ਭੱਟ ਸੁਲਤਾਨਪੁਰ ਵਾਸੀ, ਹਰਿ ਕੀ ਭਗਤਿ ਫਿਰੈ ਜਗਿਆਸੀ।**
**ਜਬ ਭਿਖ ਉਸਤਤਿ ਗੁਰ ਕਰੀ, ਸੁਨਿ ਪ੍ਰਸੰਨ ਭਏ ਤਬਿ ਹਰੀ।੧੨੩**

**{ਪ੍ਰ: ਪਿਆਰਾ ਸਿੰਘ ਪਦਮ ਜੀ, ਗੁਰੂ ਦਰ, ਪੰਨਾ 153}**

ਭਾਈ ਗੁਰਦਾਸ ਜੀ ਨੇ ਵੀ ਇਨ੍ਹਾਂ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਵੇਲੇ ਦੇ ਸਿੱਖ ਅਤੇ ਸੁਲਤਾਨਪੁਰ ਦੇ ਸਿੱਖਾਂ ਦੀ ਲਿਸਟ ਵਿੱਚ ਹੀ ਰੱਖਿਆ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ :

**ਭਿਖਾ ਟੋਡਾ ਭੱਟ ਦੋਇ ਧਾਰੂ ਸੂਦ ਮਹਲ ਤਿਸ ਭਾਰਾ।**

**{ਵਾਰ 11, ਪਉੜੀ 21}**

ਭੱਟ ਵਹੀਆਂ ਦੇ ਅਧਾਰ ਤੇ ਹੀ ਇਨ੍ਹਾਂ ਦੀ ਪੀੜ੍ਹੀ ਦਾ ਪੁਰਾਣਾ ਬਜ਼ੁਰਗ ਭਗੀਰਥ ਹੋਇਆ ਹੈ। ਇਸ ਦੇ ਅੱਗੇ ਪ੍ਰਵਾਰ ਵਿੱਚੋਂ ਕਰੀਬ ਨੌਵੀਂ ਪੀੜੀ ਵਿੱਚ ਜਾ ਕੇ ਰਈਆ ਨਾਮ ਦਾ ਭੱਟ ਹੋਇਆ ਹੈ ਜਿਸ ਦੇ ਛੇ ਸਪੁੱਤਰ ਸਨ : ਭਿੱਖਾ ਜੀ, ਸੇਖਾ ਜੀ, ਤੋਖਾ ਜੀ, ਗੋਖਾ ਜੀ, ਚੋਥਾ ਜੀ ਅਤੇ ਟੋਡਾ ਜੀ। {ਸੰਪਾਦਕ ਸ: ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸਿਮਰਜੀਤ ਸਿੰਘ ਜੀ, ਜਿਨਿ ਨਾਮੁ ਲਿਖਾਇਆ ਸਚੁ। ਪੰਨਾ ੧੫੦} ਇਨ੍ਹਾਂ ਭੱਟਾਂ ਦੇ ਗੁਰੂ ਦਰਬਾਰ ਵਿੱਚ ਆਉਣ ਬਾਰੇ ਵਿਦਵਾਨਾਂ ਵਿੱਚ ਮਤਭੇਦ ਹੈ ਪਰ ਫਿਰ ਵੀ ਬਹੁਤੇ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਧੰਨ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਦਸਤਾਰਬੰਦੀ ਦੇ ਵੇਲੇ ਸੰਨ 1581 ਨੂੰ ਗੋਇੰਦਵਾਲ ਸਾਹਿਬ ਆਏ ਸਨ। ਜਿਵੇਂ ਉੱਪਰ ਜ਼ਿਕਰ ਆ ਚੁੱਕਾ ਹੈ ਕਿ ਇਨ੍ਹਾਂ ਨੇ ਬਹੁਤ ਲੰਮੀ ਭਟਕਣਾ ਵਿੱਚ ਅਨੇਕਾਂ ਥਾਵਾਂ ਤੇ ਜਾ ਜਾ

ਕੇ ਲੋਕਾਂ ਨਾਲ ਵੀਚਾਰਾਂ ਦੀ ਸਾਂਝ ਕੀਤੀ ਹੈ ਪਰ ਇਨ੍ਹਾਂ ਦੀ ਕਿਧਰੋਂ ਵੀ ਤਸੱਲੀ ਨਾ ਹੋਈ ਪਰ ਜਦੋਂ ਇਨ੍ਹਾਂ ਨੇ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਦਰਸ਼ਨ ਕੀਤੇ ਤਾਂ ਇਨ੍ਹਾਂ ਦੀ ਭਟਕਣਾ ਹੀ ਨਹੀਂ ਮੁੱਕੀ ਬਲਕਿ ਇਨ੍ਹਾਂ ਦੀ ਤਸੱਲੀ ਵੀ ਹੋ ਗਈ। ਬਾਕੀ ਲੋਕਾਂ ਦੀ ਤਾਂ ਮਹਿਮਾ ਸੁਣੀ ਸੀ ਪਰ ਜਾ ਕੇ ਦੇਖਿਆ ਤਾਂ ਸਭ ਕੁਝ ਹੋਰ ਦਾ ਹੋਰ ਹੀ ਨਜ਼ਰ ਆਇਆ ਸੀ। ਗੁਰੂ ਅਰਜਨ ਪਾਤਿਸ਼ਾਹ ਜੀ ਦੇ ਦਰਬਾਰ ਵਿੱਚ ਉਸ ਵਕਤ ਬਾਬਾ ਪ੍ਰਿਥੀ ਚੰਦ ਜੀ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਕਾਫੀ ਉੱਚਾ ਨੀਵਾਂ ਬੋਲ ਰਹੇ ਸਨ। ਗੁਰੂ ਅਰਜਨ ਪਾਤਿਸ਼ਾਹ ਜੀ ਬਹੁਤ ਅਡੋਲ ਅਵਸਥਾ ਵਿੱਚ ਸਭ ਕੁਝ ਬਰਦਾਸ਼ਤ ਕਰ ਰਹੇ ਸਨ। ਬਾਬਾ ਪ੍ਰਿਥੀ ਚੰਦ ਜੀ ਨੇ ਬਾਬਾ ਬੁੱਢਾ ਜੀ ਕੋਲੋਂ ਗੁਰੂ ਅਰਜਨ ਪਾਤਿਸ਼ਾਹ ਜੀ ਵਾਲੀ ਦਸਤਾਰ ਵੀ ਆਪ ਖੋਹ ਕੇ ਆਪੇ ਹੀ ਬੰਨ੍ਹ ਲਈ ਸੀ ਪਰ ਗੁਰੂ ਅਰਜਨ ਸਾਹਿਬ ਜੀ ਦੀ ਅਡੋਲਤਾ ਉਸ ਤਰ੍ਹਾਂ ਹੀ ਬਰਕਰਾਰ ਰਹੀ ਸੀ। ਅਜਿਹੀ ਸਾਰੀ ਹਾਲਤ ਦੇਖ ਕੇ ਭੱਟਾਂ ਦੇ ਮਨ ਅੰਦਰ ਗੁਰੂ ਸਾਹਿਬ ਜੀ ਦੀ ਵਡਿਆਈ ਦੀ ਇੱਕ ਅਮਿੱਟ ਛਾਪ ਲੱਗ ਗਈ। ਹੋਰ ਵੀ ਸਾਰੀ ਮਹਿਮਾ ਸੁਣ ਵੀਚਾਰ ਕੇ ਹਿਰਦੇ ਅਜਿਹੇ ਪ੍ਰਸੰਨ ਹੋਏ ਕਿ ਉਨ੍ਹਾਂ ਦੇ ਹਿਰਦਿਆਂ ਵਿੱਚ ਰੱਬੀ ਪਿਆਰ ਅਤੇ ਗੁਰੂ ਜੀ ਦੀ ਸੱਚੀ ਮਹਿਮਾ ਦਾ ਇੱਕ ਨਿਰਾਲਾ ਜਿਹਾ ਚਸ਼ਮਾ ਹੀ ਫੁੱਟ ਪਿਆ। ਇਸ ਰੱਬੀ ਪਿਆਰ ਵਾਲੇ ਚਸ਼ਮੇਂ ਵਿੱਚੋਂ ਹੀ ਨਿਕਲੀ ਹੋਈ ਭਾਣੀ ਭੱਟਾਂ ਦੀ ਬਾਣੀ ਕਹਾਉਂਦੀ ਹੈ।

ਇਨ੍ਹਾਂ ਭੱਟਾਂ ਦੀ ਗਿਣਤੀ ਵੀ ਵਿਦਵਾਨ ਵੱਖੋ ਵੱਖਰੀ ਦੱਸਦੇ ਰਹੇ ਹਨ ਪਰ ਜਦੋਂ ਦੇ ਪ੍ਰੋ: ਸਾਹਿਬ ਸਿੰਘ ਜੀ ਦੀ ਵਿਆਕਾਰਣ ਅਨੁਸਾਰ ਕੀਤੀ ਖੋਜ ਨੇ ਸ਼ੰਕੇ ਨਵਿਰਤ ਕਰ ਦਿੱਤੇ ਹਨ, ਉਦੋਂ ਤੋਂ ਹੁਣ ਸਾਰੇ ਕਰੀਬ ਗਿਣਤੀ ਪੱਖੋਂ ਬਹੁਤੇ ਇੱਕ ਮੱਤ ਹਨ। ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ ਭੱਟਾਂ ਦੀ ਗਿਣਤੀ 11 ਹੈ। ਇਨ੍ਹਾਂ ਵਿੱਚ ਬਜ਼ੁਰਗੀ ਦੇ ਤੌਰ ਤੇ ਦੇਖੀਏ ਤਾਂ ਭੱਟ ਭਿੱਖਾ ਜੀ ਹੀ ਸਾਰਿਆਂ ਨਾਲੋਂ ਵਡੇਰੇ ਨਜ਼ਰ ਆਉਂਦੇ ਹਨ ਪਰ ਬਾਣੀ ਦੀ ਬਣਤਰ ਆਦਿ ਤੋਂ ਭੱਟ ਕਲਸਹਾਰ ਜੀ ਮੁਖੀ ਪ੍ਰਤੀਤ ਹੁੰਦੇ ਹਨ। ਭੱਟਾਂ ਨੇ ਆਪਣੇ ਨਾਮ ਨੂੰ ਕਈ ਤਰੀਕਿਆਂ ਨਾਲ ਲਿਖਿਆ ਹੈ ਜਿਸ ਕਰਕੇ ਪਹਿਲਾਂ ਇਨ੍ਹਾਂ ਦੇ ਨਾਮ ਦੇ ਭੁਲੇਖੇ ਲਗਦੇ ਸਨ। ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ ਇਨ੍ਹਾਂ ਭੱਟਾਂ ਦੇ ਨਾਮ ਹਨ: ਭੱਟ ਭਿਖਾ ਜੀ, ਭੱਟ ਮਥੁਰਾ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਸਲ ਜੀ, ਭੱਟ ਬਲ ਜੀ, ਭੱਟ ਨਲ ਜੀ, ਹਰਬੰਸ ਜੀ, ਭੱਟ ਕਲਸਹਾਰ ਜੀ, ਭੱਟ ਗਯੰਦ ਜੀ। ਭੱਟਾਂ ਨੇ ਗੁਰੂ ਅਰਜਨ ਸਾਹਿਬ ਜੀ ਦੇ ਹੀ ਪ੍ਰਤੱਖ ਰੂਪ ਵਿੱਚ ਦਰਸ਼ਨ ਕੀਤੇ ਸਨ। ਉਨ੍ਹਾਂ ਦੇ ਦੀਦਾਰਾਂ ਕਾਰਨ ਹੀ ਨਬਾਕੀ ਗੁਰੂ ਸਾਹਿਬ ਜੀ ਦੀ ਸ਼ਖਸੀਅਤ ਬਾਰੇ ਜਾਨਣ ਦੀ ਭੁੱਖ ਵੱਧ ਗਈ। ਸੁਭਾਵਿਕ ਹੈ ਸਭ ਕੁਝ ਜਾਣ ਮਾਣ ਕੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਸਵੱਯੇ ਗਾਉਣੇ ਸ਼ੁਰੂ ਕੀਤੇ ਸਨ। ਭੱਟਾਂ ਦੇ 123 ਸਵੱਯੇ ਹਨ। ਦਸ ਗੁਰੂ ਨਾਨਕ ਸਾਹਿਬ ਜੀ ਬਾਰੇ, ਦਸ ਗੁਰੂ ਅੰਗਦ ਸਾਹਿਬ ਜੀ ਬਾਰੇ, ਬਾਈ ਸਵੱਯੇ ਗੁਰੂ ਅਮਰਦਾਸ ਜੀ ਬਾਰੇ, ਸੱਠ ਸਵੱਯੇ ਗੁਰੂ

ਰਾਮਦਾਸ ਜੀ ਬਾਰੇ ਅਤੇ ਇੱਕੀ ਸਵੱਯੇ ਗੁਰੂ ਅਰਜਨ ਪਾਤਿਸ਼ਾਹ ਜੀ ਬਾਰੇ ਉਚਾਰਣ ਕੀਤੇ ਸਨ । ਇਨ੍ਹਾਂ ਨੂੰ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਸੰਨ 1604 ਈਸਵੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਗੁਰਬਾਣੀ ਵਿੱਚ ਅੰਕਿਤ ਕਰ ਦਿੱਤਾ ਸੀ । ਇਹ ਭੱਟ ਬਾਣੀ ਅਜੋਕੇ ਸਮੇਂ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਪੰਨਾ 1389 ਤੋਂ 1409 ਪੰਨੇ ਤੱਕ ਅੰਕਿਤ ਹੈ । ਜਿਸ ਤਰ੍ਹਾਂ ਗੁਰੂ ਅਰਜਨ ਸਾਹਿਬ ਜੀ ਨੇ ਭਗਤ ਬਾਣੀ ਅੰਕਿਤ ਕਰਦਿਆਂ ਪਹਿਲਾਂ ਗੁਰਬਾਣੀ ਨੂੰ ਅੰਕਿਤ ਕੀਤਾ ਹੈ ਤਾਂ ਕਿ ਸਾਰੀ ਸਿਧਾਂਤਿਕ ਵੀਚਾਰ ਸਮਝ ਲੱਗ ਜਾਵੇ ਫਿਰ ਮਗਰੋਂ ਭਗਤ ਬਾਣੀ ਸਮਝਣੀ ਸੌਖੀ ਹੋ ਜਾਵੇ । ਇਸ ਤਰ੍ਹਾਂ ਹੀ ਇੱਥੇ ਵੀ ਗੁਰੂ ਸਾਹਿਬ ਜੀ ਨੇ ਆਪ ਵੀਹ ਸਵੱਯੇ ਉਚਾਰ ਕੇ ਗੁਰੂ ਸਿਧਾਂਤ ਨੂੰ ਪ੍ਰਗਟ ਕਰ ਦਿੱਤਾ ਹੈ । ਹੈਰਾਨੀ ਹੁੰਦੀ ਹੈ ਕਿ ਭੱਟਾਂ ਨੇ ਸਵੱਈਆਂ ਵਿੱਚ ਗੁਰੂ ਉਸਤਤਿ ਕੀਤੀ ਹੈ ਪਰ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪਣੇ ਉਚਾਰੇ ਸਵੱਈਆਂ ਵਿੱਚ ਗੁਰੂ ਉਸਤਤਿ ਨਹੀਂ ਸਗੋਂ ਰੱਬੀ ਉਸਤਤਿ ਕੀਤੀ ਹੈ ਤਾਂਕਿ ਕਿਸੇ ਨੂੰ ਇਹ ਕੋਈ ਸ਼ੰਕਾ ਨਾ ਹੋ ਜਾਵੇ ਕਿ ਆਪਣੇ ਆਪ ਨੂੰ ਦਾਸ, ਜਨ ਆਖਣ ਵਾਲੇ ਆਪਣੀ ਹੀ ਉਸਤਤਿ ਆਪ ਹੀ ਕਰੀ ਜਾਂਦੇ ਹਨ । ਸਵੱਈਆਂ ਦੇ ਦੋ ਤਰ੍ਹਾਂ ਦੇ ਸਿਰਲੇਖ ਹਨ । ਇੱਕ ਸਿਰਲੇਖ ਹੈ "ਸਵੱਯੇ ਸ੍ਰੀ ਮੁਖਬਾਕ੍ਯ ਮਹਲਾ ਪ" ਅਤੇ ਦੂਜਾ ਸਿਰਲੇਖ ਹੈ "ਸਵਈਏ ਮਹਲੇ ਪਹਿਲੇ ਕੇ" ਜਾਂ ਅੱਗੇ ਜਾ ਕੇ ਇਹ ਕ੍ਰਮਵਾਰ ਗਿਣਤੀ ਦੂਜੇ ਕੇ, ਤੀਜੇ ਕੇ ਆਦਿਕ ਵਧੀ ਜਾਂਦੀ ਹੈ । ਪਹਿਲੇ ਸਿਰਲੇਖ ਵਾਲੇ ਸਵੱਈਏ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਹਨ । ਇਨ੍ਹਾਂ ਨੂੰ ਵੀ ਦੋ ਹਿਸਿਆਂ ਵਿੱਚ ਵੰਡਿਆ ਹੋਇਆ ਹੈ । ਪਹਿਲੇ ਭਾਗ ਵਿੱਚ 9 ਸਵੱਈਏ ਹਨ ਅਤੇ ਦੂਜੇ ਭਾਗ ਵਿੱਚ 11 ਸਵੱਈਏ ਹਨ । ਗੁਰੂ ਸਾਹਿਬ ਜੀ ਵਿੱਚੋਂ ਸਵੱਈਏ ਕੇਵਲ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਹੀ ਉਚਾਰੇ ਹਨ । ਗੁਰੂ ਅਰਜਨ ਪਾਤਿਸ਼ਾਹ ਜੀ ਵਲੋਂ ਉਚਾਰੇ ਸਵੱਈਏ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1385 ਤੋਂ 1387 ਤੱਕ ਪਹਿਲੇ 9 ਸਵੱਈਏ ਹਨ ਅਤੇ 1387 ਤੋਂ 1389 ਤੱਕ 11 ਸਵੱਈਏ ਹਨ । ਇਸ ਤੋਂ ਅੱਗੇ 1389 ਤੋਂ ਸ਼ੁਰੂ ਹੋ ਕੇ ਭੱਟਾਂ ਦੇ ਸਵੱਈਏ ਹਨ ।

ਕਿਸੇ ਵੇਲੇ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਤਲਵੰਡੀ ਵਿੱਚ ਰਬਾਬ ਵਜਾਉਂਦਿਆਂ ਦੇਖ ਕੇ ਕਿਹਾ ਸੀ ਕਿ ਰਬਾਬ ਕਿਉਂ ਵਜਾਉਂਦੇ ਹੋ ਤਾਂ ਭਾਈ ਮਰਦਾਨਾ ਜੀ ਦਾ ਜੁਆਬ ਸੀ ਕਿ ਜਜਮਾਨਾ ਰਬਾਬ ਵਜਾ ਕੇ ਵੱਡੇ ਲੋਕਾਂ ਦੀ ਉਸਤਤਿ ਕਰਨ ਨਾਲ ਸਾਨੂੰ ਗੁਜ਼ਰਾਨ ਮਿਲ ਜਾਂਦਾ ਹੈ । ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਸੀ ਕਿ ਲੋਕਾਂ ਦੀ ਉਸਤਤਿ ਨਾਲ ਗੁਜ਼ਰਾਨ ਹੀ ਮਿਲਦਾ ਹੈ ਪਰ ਰੱਬ ਦੀ ਉਸਤਤਿ ਕਰਨ ਨਾਲ ਭਗਵਾਨ ਹੀ ਮਿਲ ਜਾਂਦਾ ਹੈ । ਧੰਨ ਹੈ ਭਾਈ ਮਰਦਾਨਾ ਜੀ ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦਾ ਇੱਕ ਵਾਰੀ ਹੀ ਕਿਹਾ ਹੋਇਆ ਬੋਲ ਅਜਿਹਾ ਪੱਲੇ ਬੰਨ੍ਹ ਲਿਆ ਕਿ ਉਨ੍ਹਾਂ ਨੇ ਰਬਾਬ ਨਾਲ ਸਾਰੀ ਜ਼ਿੰਦਗੀ ਰੱਬ ਦੇ ਹੀ ਗੁਣ ਗਾਏ ਹਨ । {ਪ੍ਰਿੰਸੀਪਲ ਸਤਿਬੀਰ ਸਿੰਘ ਜੀ, ਪੁਰਾਤਨ ਇਤਿਹਾਸਿਕ ਜੀਵਨੀਆਂ, ਪੰਨਾ ੧੯}

ਇਹੋ ਜਿਹੀ ਰਾਜੇ ਮਹਾਰਾਜਿਆਂ ਦੀ ਉਸਤਤਿ ਕਰਦੇ ਰਹੇ ਉਨਾਂ ਚਿਰ ਗੁਜ਼ਰਾਨ ਤੱਕ ਹੀ ਸੀਮਤ ਰਹੇ ਪਰ ਜਦੋਂ ਨਿਰੰਕਾਰੀ ਉਸਤਤਿ ਨਾਲ ਰਿਸ਼ਤਾ ਗੰਢ ਲਿਆ ਫਿਰ ਆਪ ਹੀ ਮਹਾਰਾਜੇ ਬਣ ਗਏ। ਹੁਣ ਇਹ ਮੰਗਣ ਨਹੀਂ ਜਾਂਦੇ ਬਲਕਿ ਇਨ੍ਹਾਂ ਕੋਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਹੋਇਆਂ ਕੋਲੋਂ ਲੋਕ ਮੰਗਣ ਆਉਂਦੇ ਹਨ। ਰਾਜੇ ਮਹਾਰਾਜਿਆਂ ਨੂੰ ਸਲਾਮਾਂ ਕਰਨ ਵਾਲਿਆਂ ਨੂੰ ਅੱਜ ਰਾਜੇ ਮਹਾਰਾਜੇ ਨਮਸ਼ਕਾਰਾਂ ਕਰਦੇ ਹਨ। ਜਦੋਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤਾਂ ਗੁਰੂ ਸਾਹਿਬ ਜੀ ਦੇ ਹੁਕਮਨਾਮੇ ਤੋਂ ਵੀ ਪਹਿਲਾਂ ਭੱਟਾਂ ਦੇ ਉਚਾਰੇ ਹੋਏ ਬੋਲ ਬੋਲੇ ਜਾਂਦੇ ਹਨ, ਜਾਂ ਇਸ ਤਰ੍ਹਾਂ ਕਹਿ ਲਈਏ ਕਿ ਰਾਤੀ ਸੋਹਿਲਾ ਸਾਹਿਬ ਪੜ੍ਹ ਕੇ ਸੁੱਤੀ ਹੋਈ ਸਿੱਖੀ ਨੂੰ ਅੰਮ੍ਰਿਤ ਵੇਲੇ ਭੱਟਾਂ ਦੇ ਮਿਠੜੇ ਬੋਲ ਜਗਾ ਕੇ ਗੁਰੂ ਨਾਲ ਜੋੜਦੇ ਹਨ। ਗੁਰੂ ਜੀ ਦੇ ਹੁਕਮਨਾਮੇ ਤੋਂ ਪਹਿਲਾਂ ਸਿੱਖ ਦਾ ਹਿਰਦਾ ਗੁਰੂ ਬਚਨਾਂ ਨਾਲ ਸ਼ਿੰਗਾਰਨ ਵਾਸਤੇ ਭੱਟਾਂ ਦੇ ਸਵੱਈਏ ਹੀ ਤਿਆਰ ਕਰਦੇ ਹਨ। ਸਿੱਖ ਦੀ ਸੁਰਤਿ ਨੂੰ ਗੁਰੂ ਚਰਨਾਂ ਵਿੱਚ ਪੱਕੀ ਥਾਂ ਮਿਲ ਜਾਵੇ ਇਹ ਅਰਦਾਸ ਜਾਂ ਤਰਲਾ ਭੱਟ ਜੀ ਹੀ ਸਿਖਾਉਂਦੇ ਹਨ। ਜਦੋਂ ਕੋਈ ਇਹ ਬੋਲ ਸੁਣਦਾ ਹੈ ਤਾਂ ਹਰ ਪੱਥਰ ਤੋਂ ਹਿਰਦਾ ਵੀ ਦ੍ਰਵ ਕੇ ਅਰਦਾਸ ਰੂਪ ਹੋ ਜਾਂਦਾ ਹੈ।

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥**
**ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥**
**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥**
**ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥**

**ਸਵਈਏ ਮਹਲੇ ਚਉਥੇ ਕੇ (ਭਟ ਕੀਰਤ) - ਅੰਗ ੧੪੦੬**

ਗਿਆਨ ਅਤੇ ਪ੍ਰੇਮ ਦੋਵੇਂ ਹੀ ਰੱਬੀ ਰਾਹ ਹਨ ਪਰ ਜੇਕਰ ਦੋਵੇਂ ਇਕੱਲੇ ਇਕੱਲੇ ਹਨ ਤਾਂ ਸਮਾਂ ਪਾ ਕੇ ਇਹ ਆਪਣਾ ਰੂਪ ਬਦਲਾ ਲੈਂਦੇ ਹਨ। ਜਿਵੇਂ ਪ੍ਰੇਮ ਕਿਸੇ ਵੇਲੇ ਨਿਰੀ ਸ਼ਰਧਾ ਦਾ ਰੂਪ ਵਟਾ ਕੇ ਅੰਨ੍ਹੀ ਸ਼ਰਧਾ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਤਰ੍ਹਾਂ ਹੀ ਗਿਆਨ ਵੀ ਪ੍ਰੇਮ ਭਾਵਨਾ ਤੋਂ ਬਿਨਾਂ ਖੁਸ਼ਕ ਹੋ ਕੇ ਕਠੋਰਤਾ ਧਾਰਨ ਕਰ ਲੈਂਦਾ ਹੈ। ਸ਼ੀਥਘੂ ਝੀ ਧੈ ਘਰ ਇਨ੍ਹਾਂ ਦੋਨਾਂ ਦਾ ਸੁਮੇਲ ਕੀਤਾ ਹੋਇਆ ਹੈ। ਪ੍ਰੇਮ ਭਾਵਨਾ ਵੀ ਹੋਵੇ ਤੇ ਗਿਆਨ ਵੀ ਹੋਵੇ। ਭੱਟਾਂ ਦੀ ਬਾਣੀ ਵਿੱਚੋਂ ਇਹ ਦੋਵੇਂ ਹੀ ਝਲਕਾਂ ਮਿਲ ਜਾਂਦੀਆਂ ਹਨ। ਉਨ੍ਹਾਂ ਦਾ ਗਿਆਨ ਵਾਲਾ ਪੱਖ ਇਤਨਾ ਭਾਰੂ ਹੈ ਕਿ ਪੁਰਾਣੇ ਸਾਰੇ ਹੀ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀਆਂ ਮਿਸਾਲਾਂ ਦਿੱਤੀਆਂ ਹਨ ਪਰ ਸ਼ਰਧਾ ਦਾ ਪੱਖ ਵੀ ਅਜਿਹਾ ਹੈ ਕਿ ਇਨ੍ਹਾਂ ਸਾਰਿਆਂ ਵਿੱਚੋਂ ਗੁਰੂ ਨਾਨਕ ਸਾਹਿਬ ਜੀ ਦੀ ਪਦ ਪਦਵੀ ਨੂੰ ਬਹੁਤ ਨਿਵੇਕਲੇ ਢੰਗ ਨਾਲ ਉਤਮ ਕਰਕੇ ਦਰਸਾਇਆ ਹੈ। ਭੱਟਾਂ ਨੇ ਜਿੱਥੇ ਗੁਰੂ ਸਾਹਿਬ ਜੀ ਦੀ ਤਾਰੀਫ ਦੇ ਬਚਨ

ਕਹੇ ਹਨ ਉੱਥੇ ਆਪ ਵੀ ਸਿੱਖੀ ਦੇ ਸੁਨਹਿਰੀ ਅਸੂਲਾਂ ਨੂੰ ਧਾਰਨ ਕੀਤਾ ਸੀ । ਇਹ ਤਾਰੀਫ ਕੋਈ ਗਿਆਨ ਦੀਆਂ ਅੱਖਾਂ ਬੰਦ ਕਰਕੇ ਕੀਤੀ ਹੋਈ ਨਹੀਂ ਹੈ । ਉਨ੍ਹਾਂ ਦੇ ਅੰਮ੍ਰਿਤ ਬੋਲਾਂ ਵਿੱਚੋਂ ਹੀ ਦੀਦਾਰ ਕਰਦੇ ਹਾਂ ।

**ਇਕ ਮਨਿ ਪੁਰਖੁ ਧਿਆਇ ਬਰਦਾਤਾ ॥ ਸੰਤ ਸਹਾਰੁ ਸਦਾ ਬਿਖਿਆਤਾ ॥**
**ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥**

**– ਸਵਈਏ ਮਹਲੇ ਪਹਿਲੇ ਕੇ (ਭਟ ਕਲ੍ਯ) – ਅੰਗ ੧੩੮੯**

ਸਭ ਤੋਂ ਪਹਿਲਾਂ ਮੈਂ ਆਪਣੇ ਮਨ ਵਿੱਚ ਰੱਬ ਨੂੰ ਯਾਦ ਕਰਕੇ ਜਿਹੜਾ ਰੱਬ ਸਭ ਨੂੰ ਦਾਤਾਂ ਦੇਣ ਵਾਲਾ ਹੈ ਅਤੇ ਸੰਤਾਂ ਦਾ ਸਦਾ ਸਹਾਈ ਹੈ, ਫਿਰ ਸਭ ਤੋਂ ਵੱਡੇ ਗੁਰੂ ਨਾਨਕ ਸਾਹਿਬ ਜੀ ਨੂੰ ਧਿਆਉਂਦਾ ਹਾਂ ।

**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥**
**ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥**
**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥**
**ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥**
**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥**
**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥**

**– ਸਵਈਏ ਮਹਲੇ ਦੂਜੇ ਕੇ (ਭਟ ਕਲ੍ਯ) – ਅੰਗ ੧੩੯੨**

ਹੇ ਸਤ ਸੰਗੀ ਪਿਆਰਿਓ ਧੰਨ ਗੁਰੂ ਅੰਗਦ ਸਾਹਿਬ ਜੀ ਜਿਸ ਉੱਤੇ ਵੀ ਆਪਣੀ ਮਿਹਰ ਭਰੀ ਨਜ਼ਰ ਕਰ ਦਿੰਦੇ ਹਨ ਉਸ ਦੇ ਹਿਰਦੇ ਵਿੱਚੋਂ ਵਿਕਾਰਾਂ ਦੀ, ਜਨਮਾਂ ਜਨਮਾਂ ਦੀ ਮੈਲ ਕੱਟ ਦਿੰਦੇ ਹਨ । ਕਾਮ ਕ੍ਰੋਧ ਆਦਿਕ ਉਸ ਦੇ ਵੱਸ ਵਿੱਚ ਆ ਜਾਂਦੇ ਹਨ । ਗੁਰੂ ਅੰਗਦ ਸਾਹਿਬ ਜੀ ਦੇ ਮਨ ਵਿੱਚ ਸਦਾ ਸੁੱਖ ਵੱਸ ਰਿਹਾ ਹੈ ਜਿਸ ਦਾ ਸਦਕਾ ਉਹ ਸੰਸਾਰ ਦੇ ਦੁੱਖ ਵੀ ਕੱਟ ਦਿੰਦੇ ਹਨ । ਉਹ ਇੱਕ ਅਜਿਹੇ ਰਹਿਮਤਾਂ ਦੇ ਦਰਿਆ ਹਨ ਕਿ ਸਾਡੀ ਸਾਰੀ ਜਨਮਾਂ ਦੀ ਕਾਲਖ ਧੋ ਦਿੰਦੇ ਹਨ ਅਤੇ ਨੌਂ ਹੀ ਨਿਧੀਆਂ ਭਾਵ ਸਾਰੇ ਹੀ ਖਜ਼ਾਨੇ ਬਖਸ਼ਿਸ਼ ਕਰ ਦਿੰਦੇ ਹਨ । ਭੱਟ ਜੀ ਆਖਦੇ ਹਨ ਕਿ ਅਜਿਹੇ ਸਤਿਗੁਰੂ ਜੀ ਦਾ ਦਿਨ ਰਾਤ ਸਿਮਰਨ (ਯਾਦ) ਕਰਨਾ ਚਾਹੀਦਾ ਹੈ ਕਿਉਂਕਿ ਐਸੇ ਗੁਰੂ ਜੀ ਦੇ ਦਰਸ਼ਨਾਂ ਦੇ ਨਾਲ ਸਾਡੀ ਸਾਰੀ ਭਟਕਣਾ ਹੀ ਦੂਰ ਹੋ ਜਾਂਦੀ ਹੈ । ਗੁਰੂ ਅਮਰ ਦਾਸ ਜੀ ਬਾਰੇ ਬਚਨ ਹਨ :

**ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥**
**ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥**
**ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥**

ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥
ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ ਜਾਣੀ ਜੁਗਤਿ ॥
ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥੪॥੧੩॥

**– ਸਵਈਏ ਮਹਲੇ ਤੀਜੇ ਕੇ (ਭਟ ਜਾਲਪ) – ਅੰਗ ੧੩੯੪**

ਹੇ ਭਾਈ ਜਿਹੜੀ ਮਤਿ ਜੈਦੇਵ ਜੀ ਨੇ ਲਈ, ਜਿਹੜੀ ਭਗਤ ਨਾਮਦੇਵ ਜੀ ਵਿੱਚ ਸਮਾਈ, ਜਿਹੜੀ ਮਤਿ ਭਗਤ ਤ੍ਰਿਲੋਚਨ ਜੀ ਦੇ ਚਿਤ ਵਿੱਚ ਵਸੀ ਹੋਈ ਹੈ ਅਤੇ ਭਗਤ ਕਬੀਰ ਸਾਹਿਬ ਜੀ ਨੇ ਵੀ ਉਸ ਮਤਿ ਨੂੰ ਧਾਰਨ ਕੀਤਾ ਸੀ। ਰੁਕਮਾਂਗਦ ਰਾਜਾ ਆਪ ਨਾਮ ਜਪ ਕੇ ਹੋਰਨਾਂ ਨੂੰ ਜਪਣ ਦੀ ਪ੍ਰੇਰਨਾ ਦਿੰਦਾ ਸੀ। ਅੰਮਰੀਕਿ ਅਤੇ ਪ੍ਰਹਿਲਾਦ ਜੀ ਨੇ ਰੱਬੀ ਸ਼ਰਣਿ ਵਿੱਚ ਪਰਮ ਗਤਿ ਹਾਸਿਲ ਕੀਤੀ ਹੈ। ਭੱਟ ਜਾਲਪ ਜੀ ਆਖਦੇ ਹਨ ਕਿ ਗੁਰੂ ਅਮਰਦਾਸ ਜੀ ਆਪ ਜੀ ਨੇ ਵੀ ਲੋਭ, ਤ੍ਰਿਸ਼ਨਾ ਅਤੇ ਕ੍ਰੋਧ ਵਾਲੀ ਮਤਿ ਦਾ ਤਿਆਗ ਕੀਤਾ ਹੋਇਆ ਹੈ। ਸ੍ਰੇਸ਼ਟ ਭਗਤਾਂ ਵਾਲੀ ਜੀਵਨ ਜੁਗਤਿ ਹਾਸਿਲ ਕੀਤੀ ਹੋਈ ਹੈ। ਗੁਰੂ ਅਮਰਦਾਸ ਜੀ ਰੱਬ ਦਾ ਆਪਣਾ ਸ੍ਰੇਸ਼ਟ ਭਗਤ ਹੈ ਇਸ ਲਈ ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਵੀ ਮੁਕਤੀ ਪ੍ਰਾਪਤ ਕਰ ਲਵਾਂ।

ਧੰਨ ਗੁਰੂ ਅਮਰਦਾਸ ਜੀ ਲਈ ਤਾਂ ਜੋ ਰੱਬੀ ਪ੍ਰਵਾਹ ਵਗਿਆ ਸੀ, ਉਸ ਨੰੂ ਸੱਠ ਸਵੱਈਆਂ ਨੇ ਆਪਣੇ ਵਿੱਚ ਸਮੋਇਆ ਹੋਇਆ ਹੈ। ਆਪਾਂ ਤਾਂ ਇੱਕ ਲਹਿਰ ਹੀ ਦੇਖਣ ਦੀ ਕੋਸ਼ਿਸ਼ ਕਰ ਰਹੇ ਹਾਂ। ਸੰਸਾਰ ਅਥਾਹ ਸਮੁੰਦਰ ਹੈ ਇਸ ਵਿੱਚੋਂ ਤਰਨ ਲਈ ਹਰਿ ਨਾਮ ਦਾ ਤੁਲਹਾ ਗੁਰੂ ਰਾਹੀਂ ਪਾਇਆ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਸੋਝੀ ਆ ਗਈ ਉਸ ਦੇ ਜੀਵਨ ਦੀ ਸਾਰੀ ਭਟਕਣਾ ਹੀ ਮੁੱਕ ਗਈ। ਉਨ੍ਹਾਂ ਦੀ ਪਦਵੀ ਉੱਚੀ ਹੋ ਗਈ ਅਤੇ ਉਨ੍ਹਾਂ ਨੇ ਮਾਇਆ ਦੇ ਲੋਭ ਲਾਲਚ ਸਭ ਤਿਆਗ ਦਿੱਤੇ, ਉਨ੍ਹਾਂ ਦੀ ਕਾਮ ਕ੍ਰੋਧ ਆਦਿ ਦੀ ਸਾਰੀ ਪੀੜਾ ਹੀ ਦੂਰ ਹੋ ਗਈ। ਜਿਸ ਨੇ ਦੈਵੀ ਨਜ਼ਰ ਕਰਨ ਵਾਲੇ, ਬ੍ਰਹਮ ਸਰੂਪ ਗੁਰੂ ਰਾਮਦਾਸ ਜੀ ਨੰੂ ਦੇਖ ਲਿਆ ਹੈ, ਉਸ ਦਾ ਸਾਰਾ ਭਰਮ ਦੂਰ ਹੋ ਗਿਆ ਹੈ। ਇਸ ਕਰਕੇ ਹੀ ਸਤਿਗੁਰੂ ਜੀ ਦੀ ਆਤਮਿਕ ਅਵਸਥਾ ਦੀ ਲਖਤਾ ਸਾਡੀ ਸੋਚ ਤੋਂ ਪਰੇ ਦੀ ਗੱਲ ਹੈ। ਗੁਰੂ ਰਾਮਦਾਸ ਜੀ ਸੰਸਾਰ ਨੂੰ ਤਾਰਨ ਲਈ ਮਾਨੋ ਜਹਾਜ਼ ਹਨ, ਉਨ੍ਹਾਂ ਦੀ ਸੇਵਾ ਕਰੀਏ ਜੀ। ਪਾਵਨਬਚਨ ਹੈ :

ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥
ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯ੍ਯਾ ਦਿਬ੍ਯ੍ਯ ਦ੍ਰਿਸ੍ਟਿ ਕਾਰਣ ਕਰਣੰ ॥

ਸਤਿਗੁਰੂ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥

– ਸਵਈਏ ਮਹਲੇ ਚਉਥੇ ਕੇ (ਭਟ ਗਯੰਦ) – ਅੰਗ ੧੪੦੨

ਸਤਿਗੁਰੂ ਓਰਜਨ ਪਾਤਿਸ਼ਾਹ ਜੀ ਲਈ ਭੱਟ ਜੀ ਆਪਣੀ ਪ੍ਰੇਮ ਭਾਵਨਾ ਪ੍ਰਗਟ ਕਰਦੇ ਹਨ। ਸੰਸਾਰੀ ਤੌਰ ਤੇ ਗੁਰੂ ਅਰਜਨ ਪਾਤਿਸ਼ਾਹ ਜੀ ਗੁਰੂ ਰਾਮਦਾਸ ਜੀ ਦੇ ਪੁੱਤਰ ਹਨ, ਪਰ ਗੁਰੂ ਰਾਮਦਾਸ ਜੀ ਨੇ ਗੱਦੀ ਆਪਣੇ ਪੁੱਤਰ ਸਮਝ ਕੇ ਨਹੀਂ ਦਿੱਤੀ। ਇੱਥੇ ਸਰੀਰਕ ਰਿਸ਼ਤਿਆਂ ਦੀ ਗੱਲ ਹੁੰਦੀ ਤਾਂ ਇਹ 'ਹੋਰਿਓ ਗੰਗ' ਗੁਰੂ ਨਾਨਕ ਸਾਹਿਬ ਜੀ ਨੇ ਹੀ ਨਹੀਂ ਵਗਾਉਣੀ ਸੀ। ਉਨ੍ਹਾਂ ਨੇ ਹੀ ਆਪਣੇ ਪੁੱਤਰਾਂ ਨੂੰ ਗੁਰਗੱਦੀ ਦੇ ਕੇ ਸਾਰਾ ਮਸਲਾ ਘਰ ਵਿੱਚ ਹੀ ਨਿਬੇੜ ਲੈਣਾ ਸੀ। ਗੁਰੂ ਨਾਨਕ ਸਾਹਿਬ ਜੀ ਨੇ ਇੱਕ ਬਹੁਤ ਸਖਤ ਪ੍ਰਥਾ ਨੂੰ ਤੋੜਿਆ ਸੀ। ਬ੍ਰਾਹਮਣ ਕਹਿੰਦਾ ਸੀ ਕਿ ਬ੍ਰਾਹਮਣ ਦੇ ਘਰ ਪੈਦਾ ਹੋਇਆ ਪੁੱਤਰ ਬ੍ਰਹਿਮਣ ਹੀ ਹੈ ਪਰ ਗੁਰ੍ਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਦੇ ਘਰ ਪੈਦਾ ਹੋਇਆ ਪੁੱਤਰ ਜ਼ਰੂਰੀ ਨਹੀਂ ਕਿ ਗੁਰੂ ਹੀ ਹੋਵੇ। ਗੁਰੂ ਘਰ ਵਿਚ ਰਹਿਣ ਵਾਲਾ ਕੋਈ ਸੇਵਕ ਵੀ ਗੁਰੂ ਹੋ ਸਕਦਾ ਹੈ। ਹੇ ਸੰਸਾਰੀ ਲੋਕੋ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਬਾਹਰੋਂ ਹੀ ਨਾ ਦੇਖਿਓ ਬਲਕਿ ਆਓ ਮੈਂ ਉਨ੍ਹਾਂ ਨੂੰ ਅੰਦਰੋਂ ਦੇਖਣ ਵਾਲੀ ਅੱਖ ਦੇਵਾਂ ਤਾਂ ਕਿ ਸਾਡੇ ਵਾਂਗੂੰ ਤੁਸੀਂ ਵੀ ਆਪਣੀ ਭਟਕਣਾ ਮੁਕਾ ਕੇ ਤਸੱਲੀ ਕਰ ਲਵੋ ਜੀ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

– ਸਵਈਏ ਮਹਲੇ ਪੰਜਵੇਂ ਕੇ (ਭਟ ਮਥੁਰਾ) – ਅੰਗ ੧੪੦੯

ਸਾਰੇ ਹੀ ਭੱਟ ਸਾਹਿਬਾਨਾਂ ਜੀ ਦੇ ਸਵੱਈਆਂ ਦਾ ਵੇਰਵਾ :

1. ਭੱਟ ਕਲਸਹਾਰ ਜੀ, ਕੁਲ ਸਵੱਈਏ 54, ਗੁਰੂ ਨਾਨਕ ਸਾਹਿਬ ਜੀ ਲਈ 10, ਗੁਰੂ ਅੰਗਦ ਸਾਹਿਬ ਜੀ ਲਈ 10, ਗੁਰੂ ਅਮਰਦਾਸ ਜੀ ਲਈ 9, ਗੁਰੂ ਰਾਮਦਾਸ ਜੀ ਲਈ 13 ਅਤੇ ਗੁਰੂ ਅਰਜਨ ਸਾਹਿਬ ਜੀ ਲਈ 12 ਸਵੱਈਏ ਹਨ।

2. ਭੱਟ ਨਲ ਜੀ,, ਕੁਲ ਸਵੱਈਏ 16, ਸਾਰੇ ਹੀ ਗੁਰੂ ਰਾਮਦਾਸ ਜੀ ਮਹਾਰਾਜ ਬਾਰੇ ਹਨ।

3. ਭੱਟ ਮਥੁਰਾ ਜੀ, ਕੁਲ ਸਵੱਈਏ 14, ਗੁਰੂ ਰਾਮਦਾਸ ਜੀ ਲਈ 7 ਅਤੇ ਗੁਰੂ ਅਰਜਨ ਸਾਹਿਬ ਜੀ ਲਈ 7 ਹਨ।

4. ਭੱਟ ਗਯੰਦ ਜੀ, ਕੁਲ ਸਵੱਈਏ 13, ਸਾਰੇ ਹੀ ਗੁਰੂ ਰਾਮਦਾਸ ਜੀ ਬਾਰੇ ਹਨ।

5. ਭੱਟ ਕੀਰਤ ਜੀ, ਕੁਲ ਸਵੱਈਏ 8, ਗੁਰੂ ਅਮਰਦਾਸ ਜੀ ਲਈ ੪ ਅਤੇ ਗੁਰੂ ਰਾਮਦਾਸ ਜੀ ਲਈ ੪ ਹਨ।

6. ਭੱਟ ਬਲ ਜੀ, ਕੁਲ ਸਵੱਈਏ 5, ਸਾਰੇ ਹੀ ਗੁਰੂ ਰਾਮਦਾਸ ਜੀ ਲਈ ਹਨ।

7. ਭੱਟ ਜਾਲਪ ਜੀ, ਕੁਲ ਸਵੱਈਏ 5, ਸਾਰੇ ਹੀ ਗੁਰੂ ਅਮਰਦਾਸ ਜੀ ਲਈ ਹਨ।

8. ਭੱਟ ਸੱਲ੍ਹ ਜੀ, ਕੁਲ ਸਵੱਈਏ 3 ਗੁਰੂ ਅਮਰਦਾਸ ਜੀ ਲਈ ੧, ਗੁਰੂ ਰਾਮਦਾਸ ਜੀ ਲਈ 2 ਹਨ।

9. ਭੱਟ ਭਿਖਾ ਜੀ, ਕੁਲ ਸਵੱਈਏ 2, ਦੋਵੇਂ ਹੀ ਗੁਰੂ ਅਮਰਦਾਸ ਜੀ ਲਈ ਹਨ।

10. ਭੱਟ ਹਰਬੰਸ ਜੀ, ਕੁਲ ਸਵੱਈਏ 2 ਦੋਵੇਂ ਹੀ ਗੁਰੂ ਅਰਜਨ ਪਾਤਿਸ਼ਾਹ ਜੀ ਲਈ ਹਨ।

11. ਭੱਟ ਭਲ੍ਹ ਜੀ, ਕੇਵਲ ਇੱਕ ਸਵੱਈਆ, ਇਹ ਗੁਰੂ ਅਮਰਦਾਸ ਜੀ ਲਈ ਹੈ।

{ਭਾਈ ਜੋਗਿੰਦਰ ਸਿੰਘ ਤਲਵਾੜਾ ਜੀ, ਭੱਟਾਂ ਦੇ ਸਵੱਈਏ, ਪੰਨਾ 8}

ਚਲਦਾ...

## ਭਗਤ ਕਬੀਰ ਜੀ

**ਡਾ. ਗੁਰਪ੍ਰੀਤ ਕੌਰ**

ਭਗਤ ਕਬੀਰ ਜੀ ਭਗਤੀ ਮਤ ਦੇ ਉਘੇ ਕਵੀ ਹਨ। ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਕਬੀਰ ਸਾਹਿਬ ਜੀ ਦਾ ਆਪਣਾ ਕੋਈ ਗ੍ਰੰਥ ਨਹੀਂ ਲਿਖਿਆ ਮਿਲਦਾ। ਪਰ ਉਹਨਾਂ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੇ ਸ਼ਾਗਿਰਦਾਂ ਨੇ ਉਹਨਾਂ ਦੇ ਪਦਾਂ ਨੂੰ ਇੱਕਠੇ ਕਰਕੇ ਇੱਕ ਗ੍ਰੰਥ ਵਿੱਚ ਲਿਖਿਆ, ਜਿਸ ਦਾ ਨਾਮ ਬੀਜਕ ਗ੍ਰੰਥ ਹੈ। ਇਸ ਗ੍ਰੰਥ ਦੇ ਤਿੰਨ ਭਾਗ ਹਨ :- ਸਾਖੀ, ਸ਼ਬਦ ਅਤੇ ਰਮੈਨੀ।

ਭਗਤ ਕਬੀਰ ਜੀ ਨਾਲ ਸੰਬੰਧਤ ਉਹਨਾਂ ਦੀਆਂ ਰਚਨਾਵਾਂ ਦੇ ਸੰਗ੍ਰਿਹ ਮਿਲਦੇ ਹਨ। ਡਾ. ਸ਼ਾਮ ਸੁੰਦਰ ਦਾਸ ਜੀ ਦੁਆਰਾ 'ਕਬੀਰ ਗ੍ਰੰਥਾਵਾਲੀ' ਅਤੇ 'ਸੰਤ ਕਬੀਰ' ਵਧੇਰੇ ਪ੍ਰਮਾਣਿਕ ਮੰਨੇ ਜਾਂਦੇ ਹਨ। 'ਕਬੀਰ ਰਚਨਾਵਲੀ' ਪੁਸਤਕ ਮਹਾਂ ਕਵੀ ਅਯੋਧਿਆ ਸਿੰਘ ਉਪਾਧਿਆਂ ਦੁਆਰਾ ਲਿਖੀ ਗਈ ਹੈ, ਜਿਸਨੂੰ ਬਹੁਤ ਪ੍ਰਸਿੱਧੀ ਮਿਲੀ ਹੈ।

ਭਗਤ ਕਬੀਰ ਜੀ ਦੀ ਬਾਣੀ ਦਾ ਆਧਾਰ ਪ੍ਰੇਮ, ਵਿਸ਼ਵਾਸ਼ ਅਤੇ ਭਗਤੀ ਹੈ। ਭਗਤ ਕਬੀਰ ਜੀ ਦੀ ਵਿਚਾਰਧਾਰਾ ਵਿੱਚ ਕਰਮ ਕਾਂਡ ਨਹੀਂ ਹੈ। ਭਗਤ ਕਬੀਰ ਜੀ ਦੀ ਬਾਣੀ ਵਿੱਚ ਪ੍ਰੇਮ, ਵਿਸ਼ਵਾਸ਼ ਅਤੇ ਗਿਆਨ ਹੀ ਹੈ। ਭਗਤ ਕਬੀਰ ਜੀ ਦੀ ਵਿਚਾਰਧਾਰਾ ਵਿੱਚ ਭਗਤੀ ਦੁਆਰਾ ਹੀ ਮੁਕਤੀ ਪ੍ਰਾਪਤੀ ਦਾ ਰਾਹ ਹੈ।

ਭਗਤ ਕਬੀਰ ਜੀ ਦਾ ਜੀਵਨ ਅਨੁਭਵ ਡੂੰਘਾ, ਵਿਸ਼ਾਲ ਅਤੇ ਵਿਆਪਕ ਹੈ । ਕਿਉਂਕਿ ਕਬੀਰ ਜੀ ਸ਼ੁਰੂ ਤੋਂ ਹੀ ਭਗਤੀ ਭਾਵ ਨੂੰ ਸਮਰਪਿਤ ਸੀ । ਉਹ ਹਮੇਸ਼ਾ ਨਿਰਗੁਣਵਾਦੀ ਹੀ ਸਨ । ਬਨਾਰਸ ਨੂੰ ਭਾਰਤੀ ਸੰਸਕ੍ਰਿਤੀ ਦਾ ਮੁੱਖ ਕੇਂਦਰ ਮੰਨਿਆ ਜਾਂਦਾ ਸੀ । ਹਿੰਦੂ ਧਰਮ ਵਿੱਚ ਗੰਗਾ ਦੇ ਇਸ਼ਨਾਨ ਦਾ ਵੀ ਵਿਸ਼ੇਸ਼ ਮਹੱਤਵ ਸੀ । ਭਗਤ ਕਬੀਰ ਜੀ ਦੀ ਬਿਰਤੀ ਰਾਮ ਨਾਮ ਵਾਲੀ ਹੀ ਸੀ । ਪਰ ਕਬੀਰ ਜੀ ਦਾ ਜਨਮ ਨੀਵੀਂ ਜਾਤ ਵਿੱਚ ਹੋਇਆ ਸੀ । ਇਸ ਕਰਕੇ ਉਹਨਾਂ ਨੂੰ ਨਾ ਤਾਂ ਸੰਸਕ੍ਰਿਤ ਪੜ੍ਹਨ ਦਾ ਅਧਿਕਾਰ ਸੀ ਅਤੇ ਨਾ ਹੀ ਵੇਦ ਪੜ੍ਹਨ ਦਾ । ਸ਼ੂਦਰ ਜਾਤੀ ਦੇ ਲੋਕਾਂ ਨੂੰ ਭਗਤੀ ਖੇਤਰ ਵਿੱਚ ਸੁਤੰਤਰਤਾ ਪ੍ਰਾਪਤ ਨਹੀਂ ਸੀ । ਆਪ ਇੱਕ ਵਾਰ ਰਸਤੇ ਵਿੱਚ ਲੇਟ ਗਏ ਜਿੱਥੇ 'ਰਾਮਾਨੰਦ ਜੀ' ਗੰਗਾ ਨਦੀ ਤੇ ਇਸ਼ਨਾਨ ਲਈ ਜਾਂਦੇ ਸੀ । ਹਨੇਰੇ ਵਿੱਚ ਜਦੋਂ ਰਾਮਾਨੰਦ ਜੀ ਦੇ ਪੈਰ ਭਗਤ ਕਬੀਰ ਜੀ ਨਾਲ ਲੱਗੇ ਤਾਂ ਰਾਮਾਨੰਦ ਜੀ ਨੇ ਕਿਹਾ ਉਠ ਰੇ ਰਾਮ ਕਹੋ । ਉਸੇ ਦਿਨ ਤੋਂ ਹੀ ਉਹਨਾਂ ਨੇ ਰਾਮਾਨੰਦ ਨੂੰ ਆਪਣਾ ਗੁਰੂ ਧਾਰਨ ਕਰ ਲਿਆ । ਇਸੇ ਤਰ੍ਹਾਂ ਕਬੀਰ ਰਾਮ ਵਿੱਚ ਅਭੇਦ ਹੀ ਹੋ ਗਿਆ ਰਾਮ ਅਤੇ ਕਬੀਰ ਆਪਸ ਵਿੱਚ ਇੱਕ ਹੀ ਹੋ ਗਏ, ਜਿਵੇਂ:-

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥**

**ਰਾਮਕਲੀ (ਭ ਕਬੀਰ) - ਅੰਗ ੯੬੯**

ਭਗਤ ਕਬੀਰ ਜੀ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਦੇ ਆਧਾਰ ਤੇ ਅਸੀ ਉਹਨਾਂ ਦੀ ਵਿਚਾਰਧਾਰਾ ਦਾ ਵਰਣਨ ਕਰਾਂਗੇ ।

ਭਗਤ ਕਬੀਰ ਜੀ ਸਾਰੇ ਸੰਸਾਰ ਦੀ ਸਿਰਜਨਾਤਮਕ ਸ਼ਕਤੀ ਉਸ ਅੱਲਾਹ ਰਾਮ ਨੂੰ ਹੀ ਮੰਨਦੇ ਹਨ । ਭਗਤ ਕਬੀਰ ਜੀ ਅਨੁਸਾਰ ਅੱਲਾਹ ਅਤੇ ਰਾਮ ਇੱਕ ਹੀ ਹੈ । ਅੱਲਾਹ/ਰਾਮ ਦੋਵੇਂ ਹੀ ਉਸ ਰੱਬ, ਪ੍ਰਮਾਤਮਾ ਪ੍ਰਭੂ ਦੇ ਸਮਾਨ ਅਰਥੀ ਸ਼ਬਦ ਹਨ । ਕਬੀਰ ਜੀ ਅਨੁਸਾਰ ਪਰਮਾਤਮਾ ਇੱਕ ਹੈ । ਉਸਨੂੰ ਕਿਸੇ ਵੀ ਨਾਂ ਨਾਲ ਯਾਦ ਕੀਤਾ ਜਾ ਸਕਦਾ ਹੈ । ਰਾਮ, ਰਹੀਮ, ਹਰੀ, ਗੋਬਿੰਦ, ਅੱਲ੍ਹਾ, ਸਾਈਂ, ਸਾਹਿਬ ਆਦਿ ਨਾਵਾਂ ਨਾਲ ਪੁਕਾਰਿਆ ਜਾ ਸਕਦਾ ਹੈ ।

ਉਹਨਾਂ ਦਾ ਦ੍ਰਿੜ ਵਿਸ਼ਵਾਸ਼ ਹੈ ਕਿ ਅੱਲਾਹ ਅਤੇ ਰਾਮ ਦੋਵੇਂ ਰੱਬ, ਪ੍ਰਭੂ, ਪਾਰਬ੍ਰਹਮ ਦੇ ਪ੍ਰਤੀਕ ਹੀ ਹਨ । ਮਦੰਰ ਤੇ ਮਸੀਤ, ਵੇਦ ਤੇ ਕਤੇਬ , ਹਿੰਦੂ ਤੇ ਮੁਸਲਮਾਨ, ਪੂਜਾ ਤੇ ਨਮਾਜ਼ , ਸਾਧਨਾ ਤੇ ਸ਼ਰਾਹ ਸਭ ਚੰਗੇ ਹਨ, ਜੋ ਮਾਨਵਤਾ ਨੂੰ ਅੱਲਾਹ ਰਾਮ ਨਾਲ ਜੁੜਨ ਦੀ ਪ੍ਰੇਰਨਾ ਪ੍ਰਦਾਨ ਕਰਦੇ ਹਨ । ਪਹਿਲਾਂ ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ । ਫਰਕ ਸਿਰਫ ਧਰਮ ਦਾ, ਰੂਪ-ਰੰਗ ਦਾ, ਜਾਤ-ਪਾਤ ਅਤੇ ਊਚ-ਨੀਚ ਹੈ । ਪਰ ਭਗਤ ਕਬੀਰ ਜੀ ਨੇ ਇਹਨਾਂ ਸਾਰੀਆਂ ਚੀਜਾਂ ਨੂੰ ਨਹੀਂ ਮੰਨਿਆ ਅਤੇ ਨਾ ਹੀ ਕਿਸੇ ਚੀਜ਼ ਨੂੰ ਪਰਵਾਨ ਕੀਤਾ । ਉਹਨਾਂ ਦਾ ਫੁਰਮਾਨ ਹੈ :-

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**

**ਪ੍ਰਭਾਤੀ (ਭ ਕਬੀਰ) – ਅੰਗ ੧੩੪੯**

ਜੋ ਵੀ ਭਗਤ ਕਬੀਰ ਜੀ ਕੋਲ ਆਉਂਦਾ ਭਗਤ ਜੀ ਉਹਨਾਂ ਨੂੰ ਪ੍ਰਭੂ ਪ੍ਰਾਪਤੀ ਦਾ ਉਪਦੇਸ਼ ਦਿੰਦੇ ਆਪ ਜੀ ਨੂੰ ਪ੍ਰਮਾਤਮਾ ਦਾ ਗਿਆਨ ਪ੍ਰਾਪਤ ਹੋ ਚੁੱਕਾ ਸੀ। ਆਪ ਜੀ ਆਪਣੇ ਫੁਰਮਾਨ ਵਿੱਚ ਲਿਖਦੇ ਹਨ ਕਿ ਸਾਰਾ ਸੰਸਾਰ ਇੱਕ ਅਕਾਲ ਪੁਰਖ ਦੀ ਪੈਦਾਇਸ਼ ਹਨ। ਸਾਰੇ ਜੀਵ ਪੰਜ ਤੱਤਾਂ ਤੋਂ ਬਣੇ ਹੋਏ ਹਨ। ਸਾਰੇ ਸੰਸਾਰ ਦੇ ਜੀਵਾਂ ਵਿੱਚ ਉਸ ਅਕਾਲਪੁਰਖ ਦਾ ਨੂਰ ਹੀ ਹੈ। ਊਚ ਨੀਚ, ਜਾਤ-ਪਾਤ ਸਭ ਲੋਕਾਂ ਦੀ ਹੀ ਉਪਜ ਹੈ। ਭਗਤ ਕਬੀਰ ਜੀ ਅਨੁਸਾਰ ਸਾਰਾ ਪਸਾਰਾ ਉਸ ਕਰਤੇ ਦਾ ਹੀ ਹੈ, ਜਿਵੇਂ :-

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**

**ਪ੍ਰਭਾਤੀ (ਭ. ਕਬੀਰ) – ਅੰਗ ੧੩੪੯**

ਭਗਤ ਕਬੀਰ ਜੀ ਦੀ ਸ਼ਖਸੀਅਤ ਨੇ ਹਿੰਦੂ ਅਤੇ ਮੁਸਲਮਾਨ ਦੋਨਾਂ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੇ ਜਾਤ ਪਾਤ ਤੋਂ ਉਪਰ ਉੱਠ ਕੇ ਸਾਂਝੀ ਮਾਨਵਤਾ ਨੂੰ ਉਪਦੇਸ਼ ਦਿੱਤਾ। ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਲਿਖਦੇ ਹਨ ਕਿ

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥**

**– ਭੈਰਉ (ਭ. ਕਬੀਰ) – ਅੰਗ ੧੧੫੯**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥**

**ਸੋਰਠਿ (ਭ ਕਬੀਰ) – ਅੰਗ ੬੫੪**

ਭਗਤ ਕਬੀਰ ਜੀ ਉੱਚੀ ਜਾਤ ਵਾਲਿਆਂ ਨੂੰ ਵੀ ਨਿਰਉਤਰ ਕਰ ਦਿੰਦੇ ਹਨ ਤੇ ਉਹ ਆਖਦੇ ਹਨ ਕਿ ਵਾਹਿਗੁਰੂ ਕਿਸੇ ਨਾਲ ਵਿਤਕਰਾ ਨਹੀਂ ਕਰਦੇ। ਜਿਸ ਤਰ੍ਹਾਂ ਇੱਕ ਬ੍ਰਾਹਮਣ ਆਪਣੀ ਮਾਤਾ ਦੀ ਕੁੱਖ ਵਿੱਚੋਂ ਜਨਮ ਲੈਂਦਾ ਹੈ, ਉਸੇ ਤਰ੍ਹਾਂ ਸ਼ੂਦਰ ਵੀ ਆਪਣੀ ਮਾਤਾ ਦੀ ਕੁਖੋਂ ਹੀ ਜਨਮ ਲੈਂਦਾ ਹੈ।

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**

**ਤਉ ਆਨ ਬਾਟ ਕਾਹੇ ਨਹੀ ਆਇਆ ॥੨॥**

**ਗਉੜੀ (ਭ. ਕਬੀਰ) – ਅੰਗ ੩੨੪**

ਭਾਵ ਜੇ (ਹੇ ਪੰਡਿਤ) ਤੂੰ (ਸੱਚ-ਮੁੱਚ) ਬ੍ਰਾਹਮਣ ਹੈ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੈ, ਤਾਂ ਤੂੰ ਕਿਸੇ ਹੋਰ ਰਾਹ ਤੇ ਕਿਉਂ ਨਹੀਂ ਜੰਮ ਪਿਆ, ਕਿਉਂਕਿ ਸਾਰੇ ਮਨੁੱਖ ਇੱਕੋ ਰਸਤੇ ਰਾਹੀ ਜਨਮਦੇ ਹਨ ਅਤੇ ਸਾਰਿਆ ਦੇ ਸ਼ਰੀਰ ਵਿੱਚ ਖ਼ੂਨ ਹੈ। ਕਬੀਰ ਜੀ ਕਹਿੰਦੇ ਹਨ ਕਿ ਹੇ ਬ੍ਰਾਹਮਣ ਮੈਂ ਤਾਂ ਬ੍ਰਾਹਮਣ ਉਸ ਵਿਅਕਤੀ ਨੂੰ ਮੰਨਦਾ ਹਾਂ, ਜੋ ਉਸ

ਪ੍ਰਭੂ ਪ੍ਰਮਾਤਮਾ ਦਾ ਨਾਮ ਜਪਦੇ ਹਨ, ਜਿਵੇਂ :-

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥**

**- ਗਉੜੀ (ਭ. ਕਬੀਰ) - ਅੰਗ ੩੨੪**

ਭਗਤ ਕਬੀਰ ਜੀ ਨੇ ਆਪਣਾ ਉ।ਪਦੇਸ਼ ਦੇਸ਼ ਸਮੁੱਚੀ ਮਾਨਵਤਾ ਨੂੰ ਦਿੱਤਾ। ਉਹਨਾਂ ਦੇ ਲਈ ਮੁਸਲਿਮ ਹਿੰਦੂ ਸਭ ਇੱਕ ਬਰਾਬਰ ਹੀ ਸਨ, ਉਹ ਫੁਮਾਉਂਦੇ ਹਨ ਕਿ -

ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥

ਭੈਰਉ (ਭ. ਕਬੀਰ) - ਅੰਗ ੧੧੫੯

ਭਗਤ ਕਬੀਰ ਜੀ ਕਹਿੰਦੇ ਹਨ ਕਿ ਦੋਨਾਂ ਨਾਲ ਮੇਰਾ ਕੋਈ ਵਾਸਤਾ ਨਹੀਂ ਰਿਹਾ। ਭਾਵ, ਕਰਮ ਕਾਂਡ ਅਤੇ ਸ਼ਰਹ ਇਹ ਦੋਵੇਂ ਹੀ ਨਾਮ ਸਿਮਰਨ ਦੇ ਟਾਕਰੇ ਤੇ ਤੁੱਛ ਹਨ। ਜਿਉਂ-ਜਿਉਂ ਮੈਂ ਨਾਮ ਸਿਮਰਨ ਦੀ ਤਾਣੀ ਉਣ ਰਿਹਾ ਹਾਂ। ਮੈਂ ਪੰਡਿਤ ਅਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। ਪੰਡਿਤਾਂ ਅਤੇ ਮੋਲਵੀਆਂ ਨੇ ਜੋ ਕੁਝ ਵੀ ਕਰਮਕਾਡਾਂ ਅਤੇ ਸ਼ਰਾਹ ਬਾਰੇ ਲਿਖਿਆ ਹੈ ਮੈਂ ਉਹ ਸਭ ਛੱਡ ਦਿੱਤਾ ਹੈ। ਮੈਨੂੰ ਕਿਸੇ ਦੀ ਵੀ ਲੋੜ ਨਹੀਂ। ਕਬੀਰ ਜੀ ਕਹਿੰਦੇ ਹਨ ਕਿ ਉਸ ਪ੍ਰਮਾਤਮਾਂ ਨੂੰ ਮਿਲਣ ਦੇ ਲਈ ਆਪਣੇ ਆਪ ਨੂੰ ਖੋਜਣ ਦੀ ਜ਼ਰੂਰਤ ਹੈ। ਕਿਉਂਕਿ ਜਿਹੜੇ ਪ੍ਰਮਾਤਮਾਂ ਨੂੰ ਮਿਲੇ ਹਨ, ਉਹਨਾਂ ਨੇ ਆਪਣਾ ਆਪਾ ਹੀ ਖੋਜਿਆ ਹੈ। ਤਾਂ ਹੀ ਉਸ ਨਾਲ ਅਭੇਦ ਹੋਏ ਹਨ।

ਭਗਤ ਕਬੀਰ ਜੀ ਨੇ ਜਾਤ-ਪਾਤ ਅਤੇ ਊਚ-ਨੀਚ ਦਾ ਖੰਡਨ ਕੀਤਾ। ਆਪ ਜੀ ਭਗਤ ਰਾਮਾਨੰਦ ਜੀ ਨੂੰ ਗੁਰੂ ਧਾਰਨ ਕਰਨਾ ਚਾਹੁੰਦੇ ਸੀ। ਪਰ ਭਗਤ ਕਬੀਰ ਜੀ ਨੂੰ ਅਨੁਮਾਨ ਸੀ ਕਿ ਉਹ ਨੀਵੀਂ ਜਾਤ ਦੇ ਹਨ ਇਸ ਕਰਕੇ ਰਾਮਾਨੰਦ ਜੀ ਨੇ ਉਹਨਾਂ ਨੂੰ ਸ਼ਿਸ਼ (ਚੇਲਾ) ਨਹੀਂ ਬਣਾਉਣਾ ਤਾਂ ਭਗਤ ਜੀ ਗੰਗਾ ਤੇ ਲੇਟ ਗਏ ਜਦੋਂ ਮੂੰਹ ਹਨੇਰੇ ਰਾਮਾਨੰਦ ਜੀ ਆਏ ਤਾਂ ਉਹਨਾਂ ਦੀ ਠੋਕਰ ਭਗਤ ਜੀ ਨੂੰ ਲੱਗੀ ਤਾਂ ਰਾਮਾਨੰਦ ਜੀ ਨੇ ਕਿਹਾ। 'ਉੱਠ ਰਾਮ ਕੇ ਰਾਮ ਕਹੁ' ਅੰਮ੍ਰਿਤ ਵੇਲਾ ਹੈ, ਇਸ ਤਰ੍ਹਾਂ ਗੁਰੂ ਦੀ ਚਰਨ ਛੋਹ ਨਾਲ ਹੀ ਉਹਨਾਂ ਦੇ ਰੋਮ ਰੋਮ ਵਿੱਚ ਰਾਮ ਦਾ ਜਾਪ ਸ਼ੁਰੂ ਹੋ ਗਿਆ।

ਭਾਈ ਗੁਰਦਾਸ ਜੀ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ -

**ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।**

ਕਬੀਰ ਜੀ ਨੇ ਬਾਹਰੀ ਕਰਮ ਕਾਂਡ ਸਰਗੁਣੀ ਪੂਜਾ ਦਾ ਖੰਡਨ ਕੀਤਾ। ਉਹਨਾਂ ਨੇ ਦੱਸਿਆ ਕਿ ਵਹਿਮ ਭਰਮਾਂ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਆਪਣਾ ਅਕਾਲਪੁਰਖ

ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਵਾਧੂ ਦੇ ਵਹਿਮ ਭਰਮ, ਪਾਖੰਡਾ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ। ਆਪ ਜੀ ਦਾ ਫੁਰਮਾਨ ਹੈ:-

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥**

**ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥**

**ਸੋਰਠਿ (ਭ. ਕਬੀਰ) – ਅੰਗ ੬੫੪**

ਭਗਤ ਕਬੀਰ ਜੀ ਦਾ ਉਪਦੇਸ਼ ਹੈ ਕਿ ਸਾਰੇ ਜੀਵਾਂ ਨੂੰ ਉਸ ਪ੍ਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ, ਕਿਉਂਕਿ ਉਹ ਅਕਾਲਪੁਰਖ ਸਰਬ ਵਿਆਪਕ ਹੈ। ਮਨੁੱਖ ਨੂੰ ਉਸ ਨਾਲ ਸਾਂਝ ਪਾ ਲੈਣੀ ਚਾਹੀਦੀ ਹੈ। ਕਿਉਂਕਿ ਮਨੁੱਖੀ ਉਦੇਸ਼ ਉਸ ਪਰਮਾਤਮਾ ਦੇ ਦਰ ਤੇ ਪਰਵਾਨ ਹੋਣਾ ਹੀ ਹੈ। ਜਿਵੇਂ ਆਪ ਵੀ ਫੁਰਮਾਉਂਦੇ ਹਨ ਕਿ ਪਰਮਾਤਮਾ ਨੂੰ ਕਰਮ ਕਾਂਡਾ ਨਾਲ ਨਹੀਂ ਪਾਇਆ ਜਾ ਸਕਦਾ ਹੈ। ਗ੍ਰਹਿਸਤ ਤਿਆਗ ਕੇ, ਜੰਗਲਾਂ ਚ ਜਾ ਕੇ, ਨਗਨ ਰਹਿ ਕੇ ਕਿਸੇ ਵੀ ਕਠਿਨ ਤਪਸਿਆ ਨਾਲ ਉਸ ਵਾਹਿਗੁਰੂ ਨੂੰ ਨਹੀ ਪਾਇਆ ਜਾ ਸਕਦਾ। ਉਹਨਾਂ ਦਾ ਫੁਰਮਾਨ ਹੈ ਕਿ ਜੇ ਨੰਗੇ ਰਹਿਣ ਨਾਲ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਤਾਂ ਅਨੇਕਾਂ ਪਸ਼ੂ ਜੋ ਸਾਰਾ ਦਿਨ ਨੰਗੇ ਹੀ ਘੁੰਮਦੇ ਹਨ, ਉਹਨਾਂ ਨੇ ਮੁਕਤ ਹੋ ਜਾਣਾ ਸੀ।

**ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥**

**– ਗਉੜੀ (ਭ. ਕਬੀਰ) – ਅੰਗ ੩੨੪**

**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥**

**ਗਉੜੀ (ਭ. ਕਬੀਰ) – ਅੰਗ ੩੨੪**

ਭਗਤ ਕਬੀਰ ਜੀ ਅਨੁਸਾਰ ਉਪਰੰਤ ਕਰਮ ਕਾਂਡ ਤਾਂ ਮਨੁੱਖ ਦੇ ਹੰਕਾਰ ਨੂੰ ਵਧਾਉਂਦੇ ਹਨ। ਕਰਮ ਕਾਂਡ ਰਾਹੀ ਹਰੀ ਦੀ ਪੂਜਾ ਨਹੀਂ ਹੋ ਸਕਦੀ। ਜੇਕਰ ਮਨੁੱਖ ਦੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਖਤਮ ਨਹੀਂ ਹੁੰਦਾ ਤਾਂ ਜਪ, ਤਪ, ਬ੍ਰਤ, ਪੂਜਾ ਕਿਸੇ ਵੀ ਕੰਮ ਦੀ ਨਹੀਂ। ਜਿਵੇਂ:-

**ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥**

**– ਭੈਰਉ (ਮ: ੫) – ਅੰਗ ੧੧੩੬**

**ਝੂਠਾ ਜਪ-ਤਪ ਝੂਠਾ ਗਿਆਨ**

ਭਗਤ ਕਬੀਰ ਜੀ ਨੇ ਹਮੇਸ਼ਾਂ ਵਹਿਮਾ ਭਰਮਾਂ ਦਾ ਖੰਡਨ ਕੀਤਾ। ਆਪ ਜੀ ਦਾ ਮਨੰਣਾ ਸੀ ਕਿ ਨਾਮ ਜਪ ਕੇ ਹੀ ਮਨ ਪਵਿੱਤਰ ਹੁੰਦਾ ਹੈ। ਤੀਰਥਾਂ ਤੇ ਜਾਣ ਨਾਲ ਨਾਮ

ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਪਾਣੀ ਨਾਲ ਮਨ ਦੀ ਮੈਲ ਨਹੀਂ ਧੋਤੀ ਜਾ ਸਕਦੀ ਮਨ ਉਸ ਅਕਾਲਪੁਰਖ ਦੀ ਬੰਦਗੀ ਨਾਲ ਹੀ ਨਿਰਮਲ ਹੋ ਸਕਦਾ ਹੈ। ਉਸ ਅਕਾਲਪੁਰਖ ਨੂੰ ਉਸਦਾ ਨਾਮ ਜਪ ਕੇ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ।

**ਕਾਂਇਆ ਮਾਂਜਸਿ ਕਉਨ ਗੁਨਾਂ ॥**
**ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥**

**– ਸੋਰਠਿ (ਭ. ਕਬੀਰ) – ਅੰਗ ੬੫੬**

**ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥ ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥ – ਸਿਰੀਰਾਗੁ (ਭ. ਕਬੀਰ) – ਅੰਗ ੯੨**

ਭਗਤ ਕਬੀਰ ਜੀ, ਕਹਿੰਦੇ ਹਨ ਕਿ ਜਦੋਂ ਮੈਨੂੰ ਉਸ ਅਕਾਲਪੁਰਖ ਬਾਰੇ ਪਤਾ ਚੱਲ ਗਿਆ ਕਿ ਉਹ ਸਮਰਥ ਹੈ ਤੇ ਉਸ ਦੇ ਨਾਮ ਜਪਣ ਨਾਲ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਕਿਉਂਕਿ ਇਸ ਸੰਸਾਰ ਵਿੱਚ ਵਿਚਰਦਿਆਂ ਪੱਤ ਉਸੇ ਦੀ ਹੀ ਰਹਿੰਦੀ ਹੈ, ਜਿਹੜਾ ਉਸ ਵਾਹਿਗੁਰੂ ਨੂੰ ਸਿਮਰਦਾ ਹੈ, ਜਿਵੇਂ :-

**ਜਬ ਹਮ ਏਕੋ ਏਕੁ ਕਰਿ ਜਾਨਿਆ ॥**
**ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥**
**ਕਹੁ ਕਬੀਰ ਪਤਿ ਹਰਿ ਪਰਵਾਨੁ॥**
**ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥**

**ਗਉੜੀ (ਭ. ਕਬੀਰ) – ਅੰਗ ੩੨੪**

ਭਗਤ ਕਬੀਰ ਜੀ ਹਮੇਸ਼ਾ ਪ੍ਰਮਾਤਮਾ ਦਾ ਨਾਮ ਜਪਦੇ ਰਹਿੰਦੇ ਸਨ। ਉਹਨਾਂ ਕੋਲ ਹਮੇਸ਼ਾ ਹੀ ਸਾਧੂ ਸੰਤ ਆਏ ਰਹਿੰਦੇ ਸਨ ਜਿਸ ਕਰਕੇ ਉਹਨਾਂ ਨੂੰ ਬਹੁਤੀ ਵਾਰ ਪਰਿਵਾਰਕ ਗੁੱਸਾ ਵੀ ਸਹਿਣਾ ਪੈਂਦਾ ਸੀ।

**ਇਕ ਦੁਇ ਮੰਦਰਿ ਇਕ ਦੁਇ ਬਾਟ ॥ ਹਮ ਕਉ ਸਾਥਰੁ ਉਨ ਕਉ ਖਾਟ ॥**
**ਮੂਡ ਪਲੋਸਿ ਕਮਰ ਬਧਿ ਪੋਥੀ ॥ ਹਮ ਕਉ ਚਾਬਨੁ ਉਨ ਕਉ ਰੋਟੀ ॥੩॥**

**– ਗੋਂਡ (ਭ. ਕਬੀਰ) – ਅੰਗ ੮੭੧**

ਭਗਤ ਕਬੀਰ ਜੀ ਕਹਿੰਦੇ ਹਨ ਕਿ ਵਹਿਮਾਂ ਭਰਮਾਂ ਦੇ ਜੰਜਾਲ ਵਿੱਚੋਂ ਨਿਕਲਣਾ ਚਾਹੀਦਾ ਹੈ॥ ਬਾਣੀ ਕੇਵਲ ਪੜਨ ਸੁਣਨ ਨਾਲ ਹੀ ਨਹੀਂਸਗੋਂ ਮਨ ਵਿੱਚ ਵਸਾਉਣ ਨਾਲ ਹੀ ਜੀਵਨ ਆਦਰਸ਼ ਦੀ ਪ੍ਰਾਪਤੀ ਸੰਭਵ ਹੈ।

**ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥**

**ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥**

**ਸੋਰਠਿ (ਭ. ਕਬੀਰ) – ਅੰਗ ੬੫੫**

ਭਗਤ ਕਬੀਰ ਜੀ ਕਹਿੰਦੇ ਹਨ ਕਿ ਵਾਧੂ ਮਾਇਆ ਇੱਕਤਰ ਕਰਨ ਦਾ ਕੀ ਫਾਇਦਾ ਠੱਗੀ, ਚੋਰੀ ਰਾਹੀ ਜੋੜੀ ਮਾਇਆ ਦਾ ਕੋਈ ਲਾਭ ਨਹੀਂ, ਕਿਉਂਕਿ ਹਰ ਕਰਮ ਲਈ ਉਸ ਪ੍ਰਮਾਤਮਾ ਦੀ ਦਰਗਾਹ ਵਿੱਚ ਲੇਖਾ ਦੇਣਾ ਪੈਂਦਾ ਹੈ ।

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**

**– ਸੋਰਠਿ (ਭ. ਕਬੀਰ) – ਅੰਗ ੬੫੬**

ਭਗਤ ਕਬੀਰ ਜੀ ਨੇ ਸੰਸਾਰ ਵਿੱਚ ਖੁੱਲੀ ਵੰਗਾਰ ਲਗਾਈ ਅਤੇ ਆਪਣੀ ਬਾਣੀ ਵਿੱਚ ਫੁਰਮਾਨ ਕਰਦੇ ਹਨ ਕਿ ਭਾਵੇ ਸਿਕੰਦਰ ਨੇ ਉਹਨਾਂ ਨੂੰ ਗੰਗਾ ਵਿੱਚ ਡੋਬ ਕੇ ਮਾਰਨ ਦਾ ਹੁਕਮ ਦਿੱਤਾ ਪਰ ਭਗਤ ਕਬੀਰ ਵਿੱਚ ਡੋਲੇ ਨਹੀਂ

**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ਭੈਰਉ (ਭ ਕਬੀਰ) – ਅੰਗ ੧੧੬੨**

ਭਗਤ ਕਬੀਰ ਜੀ ਦੇ ਉਪਰ ਭਗਤੀ ਦਾ ਇੰਨਾ ਰੰਗ ਚੜ੍ਹ ਚੁਕਿਆ ਸੀ ਕਿ ਪਰਮਾਤਮਾ ਉਹਨਾਂ ਦੇ ਨਾਲ–ਨਾਲ ਤੁਰਦਾ ਪਰਤੀਤ ਹੁੰਦਾ ਹੈ । ਭਗਤ ਕਬੀਰ ਜੀ ਦੱਸਦੇ ਹਨ ਕਿ ਗੰਗਾ ਦੀ ਇੱਕ ਛੱਲ ਐਸੀ ਵੱਜੀ ਕਿ ਕਬੀਰ ਜੀ ਦੀਆਂ ਸਾਰੀਆਂ ਬੇੜੀਆਂ ਅਤੇ ਜੰਜੀਰਾਂ ਟੁੱਟ ਗਈਆਂ ।

ਭਗਤ ਕਬੀਰ ਜੀ ਦੀ ਇੱਕ ਉਘੇ ਭਗਤ, ਸਮਾਜ ਸੁਧਾਰਕ ਸਨ । ਭਗਤ ਕਬੀਰ ਜੀ ਦੀ ਬਾਣੀ ਸਾਹਿਤਕ ਪੱਖੋਂ ਕਾਵਿ ਰੂਪ ਹੈ । ਇਹਨਾਂ ਦੀ ਬਾਣੀ ਵਿੱਚ ਰੂਪਕ, ਅਲੰਕਾਰ, ਪ੍ਰਤੀਕਾਂ ਨਾਲ ਸਾਰੀ ਬਾਣੀ ਨੂੰ ਸ਼ਿੰਗਾਰਿਆ ਗਿਆ ਹੈ ।

## ਜੂਨ ਮਹੀਨੇ ਦੇ ਸਮਾਗਮ –:

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 15-06-2019 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ " **ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨ੍ਾ ਪਾਸਿ** "॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗਤੀਵਿਧੀਆਂ

**ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਮਿਤੀ 15-05-2019 ਦਿਨ ਬੁੱਧਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ '**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ** " ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ** -: ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਮਿਤੀ ੧੫-੫-੧੯ ਤੋਂ ਅਰੰਭ ਕੀਤੀ ਗਈ ਹੈ । ਲੜੀ ਦੀ ਸੰਪੂਰਨਤਾ 7-6-2019 ਸੁੱਕਰਵਾਰ ਨੂੰ ਸ੍ਰੀ ਗੁਰੂ ਅਰਜੁਨ ਦੇਵ ਹੀ ਦੇ ਸਹੀਦੀ ਦਿਵਸ ਵਾਲੇ ਦਿਨ ਕੀਤੀ ਜਾਵੇਗੀ। ਉਪਰੰਤ ਗੁਰਮਤਿ ਸਮਾਗਮ 11 ਵਜੇ ਤੱਕ ਹੋਣਗੇ ਸਮਾਪਤੀ ਤੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ ।

**ਮਹੀਨਾਵਾਰੀ ਸਮਾਗਮ:-** ਹਰ ਮਹੀਨੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਕੀਤੇ ਜਾਦੇ ਹਨ । ਮਈ ਮਹੀਨੇ ਵਿੱਚ ਦੋ ਸਮਾਗਮ ਹੋਏ ਪਹਿਲਾ ਸ.ਗੁਰਦੀਪ ਸਿੰਘ ਜੀ ਦੇ ਗ੍ਰਹਿ #119, ਫੇਸ-6, ਮੋਹਾਲੀ ਵਿਖੇ ਅਤੇ ਦੂਜਾ ਸ. ਮੋਹਿੰਦਰ ਸਿੰਘ ਜੀ (ਸ. ਸਤਨਾਮ ਸਿੰਘ) ਦੇ ਗ੍ਰਹਿ #818, ਫੇਸ-3BI, ਮੋਹਾਲੀ ਵਿਖੇ ਹੋਇਆ ।

**ਗੁਰਮਤਿ ਸਮਰ ਕੈਂਪ -:** ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਣ ਲਈ ਗੁਰਮਤਿ ਕਲਾਸਾ ਮਿਤੀ 10 ਜੂਨ ਤੋਂ 29 ਜੂਨ 2019 ਤੱਕ ਹਰ ਰੋਜ ਸਵੇਰੇ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ ਮੁੰਡੀ ਖਰੜ ਸਵੇਰੇ 7.30 ਤੋਂ 9.30 ਵਜੇ ਤੱਕ ਲਗਾਈਆਂ ਜਾਣਗੀਆਂ । 30 ਤਰੀਕ ਸਵੇਰੇ 7 ਵਜੇ ਤੋਂ 9.00 ਵਜੇ ਤੱਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਈ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 70 | 175 | 245 |
| 2 | Eye | 11 | 28 | 39 |
| 3 | E.N.T. | 03 | 20 | 23 |
| 3 | Cardiology | 03 | 50 | 53 |
| 4 | Dental | 27 | 115 | 142 |
| 5 | Gynaecology | 14 | 62 | 76 |
| 6 | Homoeopathy | 32 | 421 | 453 |
| | Total | 160 | 871 | 1031 |
| | Laboratory | 217 | | 217 |

## ਧੰਨਵਾਦ :

## ਮਈ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Bhupinder Singh Wachhair #238/1/Sec45A 60,000/-
2. S. Sarbjit Singh #0049/Comfort Homes/Kharar 6,000/-
3. S. Harjinder Singh # 12/Sunny Enclave/M.K 1,000/-
4. S. Dhanwant Singh #447/Phase-4/Mohali 1,000/-
5. S. B.M Singh #416/Sector-44A/Chd 1,000/-
6. Col. H.S Uppal #306/Sector- 33A/Chd 70,000/-
7. Sh. Gupta Sahib #1280/Sector-37B/Chd 1,000/-
8. S. D.P Singh #393/Phase- 9/Mohali 1,200/-
9. Dr. Saranjit Singh #2817/Phase- 7/Mohali 4,000/-
10. Bibi Gurdeep Kaur #461/Sec. 44A/Chd 1,000/-
11. S. Harsharnpal Singh Bhatia #461/Sec. 44A/Chd 1,000/-
12. Bibi. Harleen Kaur Sarna #107G, Shivalik Vihar Naya Goan, Mohali 500/-
13. Bibi Rajleen Kaur #836/Phase II/Mohali 500/-
14. Bibi Harpreet Kaur #461/Sec 44A/Chd 1,000/-
15. Bibi Paramjit Kaur #2179/Block-6/Sector -63/Chd 250/-
16. S. Inderpreet Singh #2179/Block-6/Sector -63/Chd 250/-
17. S. Narinder Bir Singh #1444/Sector- 34C/Chd 2,000/-
18. Bibi Surjit Kaur #1444/Sector- 34C/Chd 3,100/-
19. Bibi Harsimran Kaur & Jasleen Kaur/ MundiKharar 100/-
20. S. Jagjit Singh/Mundi Kharar 100/-
21. S. Narinder Bir Singh & Bibi Surjit Kaur # 1444/Sector-34C/Chd 500/-
22. S. Dilbagh Singh/ Satkar Properties / Mundi Kharar 500/-
23. Bibi Manjit Kaur Bindra #1695/Sector-34D/Chd 500/-
24. S. Amarjit Singh/Mundi Kharar 500/-
25. S. Harjinder Singh/Mundi Kharar 500/-
26. S. Naunihal Singh/Mundi Kharar 500/-
27. Sh. Imtiaz C/O M/s Simeran Electricals / LIC Colony/Sector-4/M.K 100/-
28. Mrs. Ishminder Kaur #3902/Sector-22D/Chd 2000/-
29. S. Kuldip Singh #171/Phase-6/Mohali 20,000/-
30. S. Inderpal Singh & Family #782/Sector-43A/Chd 1,000/-
31. Bibi Daljit Kaur Oberoi# 278/Sector-33A/Chd 16,000/-
32. S. Jaspal Singh #806/Sector-91/Mohali 1,100/-
33. S. Harcharan Singh#754/Phase- 3BI/Mohali 500/-
34. M/S Duaba Timbers/E-100/Ph-7/Ind.Area/Mohali 1,000/-
35. S. M.S. Aujla # 776/Phase-3BI/Mohali 2,000/-
36. Col. Ranjit Singh # 207/Sector-33A/Chd 2,000/-
37. S. Birender Singh & S.Satnam Singh #818/Phase-3BI/Mohali 11,000/-
38. Bibi Pritpal Kaur # 2269A/Sector-47C/Chd 20,000/-
39. S. Jagjit Singh/Model Gram/Ludhiana 1,000/-
40. Bibi Arvinder Kaur# 177/91/Ph-I/ Dugri Ludhiana 250/-
41. Smt. Nripjit KaurGovt. Poly. College/G.T.B/ Moga 10,000/-
42. S. J.P. Singh Bhatia # 200/D/Alakhdham Nagar 5,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।